## ਅਧਿਆਇ 13

# ਅਬਰਾਹਾਮ ਅਤੇ ਲੂਤ ਦਾ ਵੱਖਰੇ ਹੋਣਾ

ਮਿਸਰ ਵਿਚ ਜਾਣ ਤੋਂ ਪਹਿਲਾਂ ਹੀ ਅਬਰਾਹਾਮ ਇੱਕ ਅਮੀਰ ਆਦਮੀ ਸੀ (12:5)। ਉਸ ਦੇ ਧੋਖੇਬਾਜ਼ੀ ਦੇ ਕੰਮਾਂ ਦੇ ਬਾਵਜੂਦ, ਪਰਮੇਸ਼ੁਰ ਨੇ ਉਸ ਨੂੰ ਫ਼ਿਰਾਊਨ ਦੇ ਸ਼ਾਨਦਾਰ ਤੋਹਫ਼ਿਆਂ ਦੇ ਦੁਆਰਾ ਬਰਕਤ ਦਿੱਤੀ (12:16; 24:35)। ਫਿਰ ਵੀ, ਅਬਰਾਹਾਮ ਅਤੇ ਸਾਰਾਹ ਨੂੰ ਆਪਣੀ ਯਾਤਰਾ ਫਿਰ ਤੋਂ ਸ਼ੁਰੂ ਕਰਨੀ ਪਈ ਕਿਉਂਕਿ ਉਨ੍ਹਾਂ ਨੂੰ ਮਿਸਰ ਨੂੰ ਛੱਡਣਾ ਪਿਆ ਸੀ।

ਜਾਹਿਰ ਹੈ ਕਿ, ਕਨਾਨ ਜਾਣ ਦੀ ਉਨ੍ਹਾਂ ਦੀ ਯਾਤਰਾ ਬਿਨਾਂ ਕਿਸੇ ਘਟਨਾ ਦੇ ਸੀ। ਹੋ ਸਕਦਾ ਹੈ ਕਿ ਉਨ੍ਹਾਂ ਦੇ ਦੇਸ ਦੀ ਸਰਹੱਦ ਤੇ ਇੱਕ ਸਰਕਾਰੀ ਸੁਰੱਖਿਆ ਹੋਵੇ। ਅਸੀਂ ਉਸ ਅਕਾਲ ਦੇ ਵਿਸ਼ੇ ਵਿਚ ਹੋਰ ਕੁਝ ਵੀ ਨਹੀਂ ਪੜ੍ਹਦੇ ਹਾਂ ਜਿਸ ਨੇ ਉਨ੍ਹਾਂ ਨੂੰ ਵਾਇਦੇ ਦੇ ਦੇਸ ਤੋਂ ਬਾਹਰ ਕੱਢਵਾ ਦਿੱਤਾ ਸੀ।

ਅਸੀਂ ਅਬਰਾਹਾਮ ਅਤੇ ਸਾਰਾਹ ਵਿਚਲੇ ਸੰਬੰਧ ਦੇ ਵਿਸ਼ੇ ਵਿਚ ਹੈਰਾਨ ਨਹੀਂ ਹੋ ਸਕਦੇ ਜਦੋਂ ਉਹ ਮਿਸਰ ਨੂੰ ਛੱਡ ਕੇ ਚਲੇ ਗਏ ਸਨ। ਪੁਰਖੇ ਦੇ ਦੁਆਰਾ ਸਵਾਰਥੀ ਵਿਸ਼ਵਾਸਘਾਤ ਤੋਂ ਬਾਅਦ ਜਿਸ ਦੇ ਦੁਆਰਾ ਉਸ ਨੇ ਉਸ ਨੂੰ ਫ਼ਿਰਾਊਨ ਨੂੰ ਦੇ ਦਿੱਤਾ ਸੀ ਕੀ ਉਹ ਹੁਣ ਵੀ ਇੱਕ ਦੂਸਰੇ ਦੇ ਨਾਲ ਪ੍ਰਭਾਵਸ਼ਾਲੀ ਢੰਗ ਦੇ ਨਾਲ ਗੱਲਬਾਤ ਕਰ ਸਕਦੇ ਸਨ?

## ਅਬਰਾਹਾਮ ਦੀ ਕਨਾਨ ਵਿਚ ਵਾਪਸੀ ਅਤੇ ਲੂਤ ਦਾ ਉਸ ਨਾਲ ਝਗੜਾ (13:1-7)

**1ਤਾਂ ਅਬਰਾਮ ਅਰ ਉਹ ਦੀ ਪਤਨੀ ਅਰ ਸਭ ਕੁਝ ਜੋ ਉਹ ਦੇ ਕੋਲ ਸੀ ਅਰ ਲੂਤ ਵੀ**
**ਉਹ ਦੇ ਨਾਲ ਮਿਸਰ ਤੋਂ ਦੱਖਣ ਦੇਸ ਵੱਲ ਉਤਾਹਾਂ ਗਏ। 2ਅਬਰਾਮ ਡੰਗਰਾਂ ਅਰ ਸੋਨੇ ਚਾਂਦੀ**
**ਵਿੱਚ ਵੱਡਾ ਧਨ ਮਾਲ ਵਾਲਾ ਸੀ। 3ਉਹ ਦੱਖਣ ਤੋਂ ਸਫਰ ਕਰਦਾ ਬੈਤ-ਏਲ ਦੀ ਉਸ ਥਾਂ ਤੀਕ**
**ਅੱਪੜਿਆ ਜਿੱਥੇ ਪਹਿਲਾਂ ਆਪਣਾ ਤੰਬੂ ਬੈਤ-ਏਲ ਅਰ ਅਈ ਦੇ ਵਿਚਕਾਰ ਲਾਇਆ ਸੀ।**
**4ਅਰਥਾਤ ਉਸ ਜਗਵੇਦੀ ਦੀ ਥਾਂ ਤੀਕ ਜੋ ਉਸ ਨੇ ਪਹਿਲਾਂ ਬਣਾਈ ਸੀ ਅਤੇ ਉੱਥੇ ਅਬਰਾਮ ਨੇ**
**ਯਹੋਵਾਹ ਦਾ ਨਾਮ ਲਿਆ। 5ਅਤੇ ਲੂਤ ਕੋਲ ਵੀ ਜਿਹੜਾ ਅਬਰਾਮ ਨਾਲ ਚੱਲਦਾ ਸੀ ਇੱਜੜ**
**ਅਰ ਗਾਈਆਂ ਬਲਦ ਅਰ ਤੰਬੂ ਸਨ। 6ਅਤੇ ਉਸ ਦੇਸ ਨੇ ਉਨ੍ਹਾਂ ਨੂੰ ਨਾ ਝੱਲਿਆ ਕਿ ਓਹ ਇਕੱਠੇ**
**ਰਹਿਣ ਕਿਉਂਕਿ ਉਨ੍ਹਾਂ ਦਾ ਮਾਲ ਧਨ ਐੱਨਾ ਸੀ ਕਿ ਓਹ ਇਕੱਠੇ ਨਹੀਂ ਰਹਿ ਸਕਦੇ ਸਨ।**
**7ਉਪਰੰਤ ਅਬਰਾਮ ਦੇ ਪਾਲੀਆਂ ਅਤੇ ਲੂਤ ਦੇ ਪਾਲੀਆਂ ਵਿੱਚ ਝਗੜਾ ਪੈ ਗਿਆ ਅਤੇ ਕਨਾਨੀ**
**ਅਰ ਪਰਿੱਜੀ ਜਨਤਾ ਉਸ ਵੇਲੇ ਉਸ ਦੇਸ ਵਿੱਚ ਵੱਸਦੀ ਸੀ।**

**ਆਇਤ 1.** ਥੋੜੇ ਜਿਹੇ ਵਰਣਨ ਦੇ ਨਾਲ, ਲੇਖਕ ਨੇ ਅਬਰਾਹਾਮ ਦੀ ਵਾਪਸੀ ਨੂੰ **ਮਿਸਰ ਤੋਂ ਦੱਖਣ ਦੇਸ ਵੱਲ** ਰਿਕਾਰਡ ਕੀਤਾ (ਟਿੱਪਣੀਆਂ 12:10)। **ਉਹ ਦੀ ਪਤਨੀ** ਅਤੇ ਉਸ ਦੇ ਦਲ ਉਸ ਦੇ ਨਾਲ ਸਨ ਅਤੇ **ਲੂਤ** ਵਿਸ਼ੇਸ਼ ਤੌਰ ਤੇ ਵੱਖਰਾ ਕੀਤਾ ਗਿਆ ਹੈ। ਜਦ ਕਿ ਪਹਿਲਾਂ ਜਦੋਂ

ਉਹ ਮਿਸਰ ਵਿਚ ਸਨ ਤਾਂ ਦਲ ਦੇ ਨਾਲ ਹੋਣ ਦਾ ਲੂਤ ਦਾ ਕੋਈ ਉਲੇਖ ਨਹੀਂ ਹੈ, ਲਿਖਤ ਸਪੱਸ਼ਟ ਰੂਪ ਵਿਚ ਕਹਿੰਦੀ ਹੈ ਕਿ ਉਹ ਅਬਰਾਹਾਮ ਦੇ ਨਾਲ ਮਿਸਰ ਤੋਂ ਕਨਾਨ ਦੇ ਨੇਗੇਵ ਤੱਕ ਗਿਆ। ਇਹ ਦੋਵਾਂ ਮਨੁੱਖਾਂ ਦੇ ਵਿਚਕਾਰ ਹੋਣ ਵਾਲੀ ਜੁਦਾਈ ਦੇ ਲਈ ਮੰਚ ਤਿਆਰ ਕਰਦਾ ਹੈ।

**ਆਇਤ 2.** ਮਿਸਰ ਵਿਚ ਜਾਣ ਤੋਂ ਪਹਿਲਾਂ ਅਬਰਾਹਾਮ ਇੱਕ ਅਮੀਰ ਆਦਮੀ ਸੀ (12:5)। ਉਸ ਦੇ ਧੋਖੇਬਾਜ਼ੀ ਦੇ ਕੰਮਾਂ ਦੇ ਬਾਵਜੂਦ, ਪਰਮੇਸ਼ੁਰ ਨੇ ਫ਼ਿਰਾਊਨ ਦੇ ਉਦਾਰਤਾ ਨਾਲ ਦਿੱਤੇ ਹੋਏ ਤੋਹਫ਼ਿਆਂ ਦੇ ਦੁਆਰਾ ਉਸ ਨੂੰ ਬਹੁਤ ਬਰਕਤ ਦਿੱਤੀ (12:16, 20)। ਇਸ ਸਮੇਂ ਤੱਕ, ਅਬਰਾਹਾਮ **ਵੱਡਾ ਧਨ ਮਾਲ ਵਾਲਾ ਸੀ** – ਸਿਰਫ **ਡੰਗਰਾਂ** ਵਿਚ ਹੀ ਨਹੀਂ, ਸਗੋਂ **ਸੋਨੇ ਚਾਂਦੀ ਵਿੱਚ** ਵੀ (ਵੇਖੋ 24:35)।

**ਆਇਤਾਂ 3, 4.** ਕੁਲਪਿਤਾ **ਦੱਖਣ ਤੋਂ ਸਫਰ** ਕਰਦਾ ਹੋਇਆ **ਬੈਤਏਲ ਅਤੇ ਅਈ ਦੇ ਵਿਚਕਾਰ** ਦੇ ਮੱਧ ਪਹਾੜੀ ਦੇਸ ਵੱਲ ਮੁੜਿਆ, ਜਿੱਥੇ ਪਹਿਲਾਂ ਉਸ ਨੇ **ਆਪਣਾ ਤੰਬੂ** ਲਾਇਆ ਸੀ ਅਤੇ ਇੱਕ **ਜਗਵੇਦੀ** ਬਣਾਈ ਸੀ। ਇਹ ਤੱਥ ਕਿ ਅਬਰਾਹਾਮ ਵਾਪਸ ਇਸ ਸਥਾਨ ਤੇ ਆ ਗਿਆ ਸੀ, ਇਹ ਸੁਝਾਅ ਦੇ ਸਕਦਾ ਹੈ, ਮਿਸਰ ਵਿਚ ਅਸਫਲਤਾ ਤੋਂ ਬਾਅਦ, ਉਹ ਪਰਮੇਸ਼ੁਰ ਦੇ ਨਾਲ ਆਪਣੇ ਸੰਬੰਧ ਨੂੰ ਦੁਬਾਰਾ ਪ੍ਰਾਪਤ ਕਰਨਾ ਚਾਹੁੰਦਾ ਸੀ। ਉਸ ਨੇ ਉੱਥੇ, **ਯਹੋਵਾਹ ਦਾ ਨਾਮ ਲਿਆ** (ਵੇਖੋ ਟਿੱਪਣੀਆਂ 12:8)। ਉੱਥੇ ਉਸ ਨੇ ਯਹੋਵਾਹ ਦਾ ਨਾਮ ਲਿਆ। ਭਾਵੇਂ ਲੇਖਕ ਨੇ ਇਹ ਨਹੀਂ ਲਿਖਿਆ ਕਿ ਮਿਸਰ ਵਿਚ ਆਪਣੇ ਵਿਹਾਰ ਤੋਂ ਬਾਅਦ ਉਸ ਦੀ ਉਪਾਸਨਾ ਵਿਚ ਪਛਚਾਤਾਪ ਜਾਂ ਪਰਮੇਸ਼ੁਰ ਦੇ ਕੋਲੋਂ ਮਾਫੀ ਦੀ ਬੇਨਤੀ ਸ਼ਾਮਲ ਸੀ ਜਾਂ ਨਹੀਂ, ਪਰ ਇਸ ਤਰ੍ਹਾਂ ਦੀ ਸੰਭਾਵਨਾ ਦਾ ਹੋਣਾ ਸੰਭਵ ਹੈ।

ਇੱਕ ਹੋਰ ਕਾਰਕ ਜਿਸ ਨੇ ਅਬਰਾਹਾਮ ਨੂੰ ਇਸ ਖੇਤਰ ਵਿਚ ਕੇਂਦਰੀ ਪਹਾੜੀ ਦੇਸ ਵਿਚ ਵਾਪਸ ਲਿਆਂਦਾ ਹੋਵੇ, ਉਹ ਸਾਲ ਦਾ ਮੌਸਮ ਸੀ। ਠੰਢੇ, ਨਮ ਮਹੀਨਿਆਂ (ਅਕਤੂਬਰ ਤੋਂ ਮਾਰਚ), ਵੱਗ ਮੈਦਾਨੀ ਇਲਾਕਿਆਂ ਵਿਚ ਚਰਨਗੇ। ਗਰਮੀ ਵਿਚ, ਸੁੱਕੇ ਮਹੀਨਿਆਂ (ਅਪ੍ਰੈਲ ਤੋਂ ਸਤੰਬਰ), ਉਨ੍ਹਾਂ ਨੂੰ ਉੱਚੇ ਸਥਾਨਾਂ ਤੇ ਲਿਜਾਇਆ ਜਾਵੇਗਾ ਜਿੱਥੇ ਘਾਹ ਬਾਕੀ ਹੋਵੇਗਾ ਅਤੇ ਚਸ਼ਮਿਆਂ ਅਤੇ ਨਦੀਆਂ ਦੇ ਵਿਚ ਪਾਣੀ ਉਪਲੱਬਧ ਹੋਵੇਗਾ।[1]

**ਆਇਤ 5.** ਸਿਰਫ ਅਬਰਾਹਾਮ ਹੀ ਨਹੀਂ ਸੀ ਜਿਸ ਨੇ ਭੌਤਿਕ ਬਰਕਤਾਂ ਨੂੰ ਭਰਪੂਰੀ ਦੇ ਨਾਲ ਮਾਣਿਆ ਹੋਵੇ; ਸਗੋਂ, **ਲੂਤ**, ਨੇ ਵੀ ਬਹੁਤ ਸਾਰੀਆਂ ਬਰਕਤਾਂ ਨੂੰ ਹਾਸਲ ਕੀਤਾ ਸੀ, ਜਿਨ੍ਹਾਂ ਵਿਚ **ਇੱਜੜ ਅਰ ਗਾਈਆਂ ਬਲਦ** ਸ਼ਾਮਲ ਸਨ। ਇਸ ਤੋਂ ਇਲਾਵਾ, **ਤੰਬੂ ਸਨ** ਦਾ ਉਲੇਖ ਇਸ ਗੱਲ ਦਾ ਇੱਕ ਨਿਸ਼ਚਿਤ ਪ੍ਰਭਾਵ ਦਿੰਦਾ ਹੈ ਕਿ ਉਹ ਪੁਰਖ ਅਤੇ ਇਸਤਰੀ ਨੌਕਰਾਂ ਦੇ ਨਾਲ ਸਫਰ ਕਰ ਰਿਹਾ ਸੀ (ਜਿਵੇਂ ਅਬਰਾਹਾਮ ਸੀ; ਵੇਖੋ 12:16)। ਸ਼ਾਇਦ ਬਹੁਤ ਸਾਰੇ ਆਜੜੀਆਂ ਦੇ ਪਰਿਵਾਰ ਵੀ ਉਨ੍ਹਾਂ ਦੇ ਨਾਲ ਰਹਿੰਦੇ ਸਨ (ਵੇਖੋ 14:16) ਇਸ ਲਈ, ਜਿਵੇਂ ਲੇਖਕ ਨੇ ਦੋ ਲੋਕਾਂ ਦੀ ਸਮੂਹਿਕ ਦੌਲਤ ਦਾ ਕੀਤਾ ਹੈ, ਇਹ ਸਪੱਸ਼ਟ ਹੈ ਕਿ ਅਬਰਾਹਾਮ ਅਤੇ ਲੂਤ ਦਾ ਇਕੱਠੇ ਰਹਿਣਾ ਅਸੰਭਵ ਹੋਵੇਗਾ।

**ਆਇਤ 6. ਅਤੇ ਉਸ ਦੇਸ ਨੇ ਉਨ੍ਹਾਂ ਨੂੰ ਨਾ ਝੱਲਿਆ ਕਿ ਉਹ ਇਕੱਠੇ ਰਹਿਣ** ਕਿਉਂਕਿ ਲੋਕਾਂ ਦੇ ਦੋ ਇੰਨੇ ਵੱਡੇ ਦਲ ਅਤੇ ਜਾਨਵਰਾਂ ਨੂੰ ਬਹੁਤ ਜ਼ਿਆਦਾ ਪਾਣੀ ਅਤੇ ਚਰਾਂਦਾਂ ਦੀ ਲੋੜ ਸੀ। ਸਿੱਧੇ ਸ਼ਬਦਾਂ ਵਿਚ, ਅਬਰਾਹਾਮ ਅਤੇ ਲੂਤ ਦਾ **ਮਾਲ ਧਨ ਐੱਨਾ ਸੀ** ਕਿ ਉਨ੍ਹਾਂ ਦੇ ਲਈ ਇਕੱਠੇ ਰਹਿ ਸਕਣਾ ਅਸੰਭਵ ਸੀ। ਬਾਅਦ ਵਿਚ, ਯਾਕੂਬ ਅਤੇ ਏਸਾਓ ਨੇ ਵੀ ਇਸੇ ਸਥਿਤੀ ਦਾ ਸਾਹਮਣਾ ਕੀਤਾ ਸੀ (36:6, 7)।

**ਆਇਤ 7.** ਲੇਖਕ ਇਸ ਤੱਥ ਦੇ ਵਿਚਕਾਰ ਬੋਲ ਉੱਠਿਆ ਕਿ **ਕਨਾਨੀ ਅਰ ਪਰਿੱਜੀ ਜਨਤਾ ਉਸ ਵੇਲੇ ਉਸ ਦੇਸ ਵਿੱਚ ਵੱਸਦੀ ਸੀ**। ਇਸ ਦਾ ਅਰਥ ਹੈ ਕਿ ਸਿਰਫ ਅਬਰਾਹਾਮ ਅਤੇ

ਲੂਤ ਦੇ **ਪਾਲੀਆਂ** ਦੇ ਵਿਚਕਾਰ ਹੀ ਝਗੜੇ ਨਹੀਂ ਸਨ, ਪਰ ਇਨ੍ਹਾਂ ਯਾਤਰੀਆਂ ਅਤੇ ਸਥਾਈ ਨਿਵਾਸੀਆਂ ਦੇ ਵਿਚਕਾਰ ਵੀ ਝਗੜੇ ਹੁੰਦੇ ਸਨ। ਜਿਹੜੇ ਲੋਕ ਪਹਿਲਾਂ ਤੋਂ ਹੀ ਕਨਾਨ ਵਿਚ ਰਹਿੰਦੇ ਸਨ, ਉਹ ਬਹੁਤ ਸਾਰੇ ਲੋਕਾਂ, ਭੇਡਾਂ-ਬੱਕਰੀਆਂ ਅਤੇ ਵੱਗਾਂ ਦੇ ਨਾਲ ਆਪਣੇ ਦੇਸ ਵਿਚ ਆਉਣ ਵਾਲੇ ਅਜਨਬੀਆਂ ਨੂੰ ਦੇਖ ਕੇ ਚਿੰਤਾ ਵਿਚ ਪਏ ਹੋਏ ਸਨ। ਅਬਰਾਹਾਮ ਅਤੇ ਲੂਤ ਦੇ ਚਰਵਾਹਿਆਂ ਅਤੇ ਕਨਾਨੀਆਂ ਅਤੇ ਪਰਿੱਜੀਆਂ ਦੇ ਵਿਚਕਾਰ ਤਨਾਅ ਵੱਧਣਾ ਸੀ।[2] ਆਖਿਰਕਾਰ, ਜ਼ਮੀਨ ਨੂੰ ਬਹੁਤ ਹੀ ਜ਼ਿਆਦਾ ਚਰਾਇਆ ਗਿਆ ਸੀ ਅਤੇ ਚਰਾਂਦਾਂ, ਖੂਹਾਂ ਅਤੇ ਝਰਨਿਆਂ ਤੋਂ ਭੋਜਨ ਅਤੇ ਪਾਣੀ ਦੀ ਬਹੁਤ ਹੀ ਜ਼ਿਆਦਾ ਮੰਗ ਕੀਤੀ ਗਈ ਸੀ – ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਦੇ ਉੱਤੇ ਉੱਥੋਂ ਦੇ ਨਿਵਾਸੀਆਂ ਨੇ ਆਪਣੀ ਮਾਲਕੀ ਦਾ ਦਾਅਵਾ ਕੀਤਾ ਸੀ।

ਆਮ ਤੌਰ ਤੇ, ਚਰਾਂਦਾਂ ਅਤੇ ਪਸ਼ੂਆਂ ਦੇ ਪਾਣੀ ਦੇ ਲਈ "ਪਾਲੀਆਂ" ਦੇ ਵਿਚਕਾਰ ਝਗੜਾ ਹੁੰਦਾ ਸੀ, ਜਿਵੇਂ ਬਾਅਦ ਵਿਚ ਇਸਹਾਕ ਅਤੇ ਅਬੀਮਲਕ ਦੇ ਪਾਲੀਆਂ ਦੇ ਨਾਲ ਹੋਇਆ (26:12-33)। ਅਧਿਆਇ 12 ਵਿਚ, ਪਤੀ ਅਤੇ ਪਤਨੀ ਦੇ ਵਿਚਕਾਰ ਤਨਾਅ ਮੌਜੂਦ ਸੀਅਤੇ ਹੁਣ ਚਾਚੇ ਅਤੇ ਉਸ ਦੇ ਭਤੀਜੇ ਦੇ ਵਿਚਕਾਰ ਝਗੜਾ ਸ਼ੁਰੂ ਹੋ ਗਿਆ, ਜਿਸ ਨਾਲ ਉਨ੍ਹਾਂ ਦੇ ਨਿਜੀ ਰਿਸ਼ਤੇ ਨੂੰ ਖਤਰਾ ਪੈਦਾ ਹੋ ਗਿਆ ਸੀ।

## ਅਬਰਾਹਾਮ ਦੀ ਖੁੱਲ੍ਹਦਿਲੀ ਵਾਲੀ ਪੇਸ਼ਕਸ਼ ਅਤੇ ਲੂਤ ਦਾ ਫੈਸਲਾ (13:8-13)

**[8]ਅਬਰਾਮ ਨੇ ਲੂਤ ਨੂੰ ਆਖਿਆ ਮੇਰੇ ਅਰ ਤੇਰੇ ਅਤੇ ਮੇਰੇ ਅਰ ਤੇਰੇ ਪਾਲੀਆਂ ਵਿੱਚ ਝਗੜਾ ਨਹੀਂ ਹੋਣਾ ਚਾਹੀਦਾ ਕਿਉਂਜੋ ਅਸੀਂ ਭਰਾ ਹਾਂ। ਭਲਾ, ਤੇਰੇ ਅੱਗੇ ਸਾਰਾ ਦੇਸ ਨਹੀਂ ਹੈ? [9]ਮੈਥੋਂ ਵੱਖਰਾ ਹੋ ਜਾਹ। ਜੇ ਤੂੰ ਸੱਜੇ ਪਾਸੇ ਜਾਵੇਂ ਤਾਂ ਮੈਂ ਖੱਬੇ ਪਾਸੇ ਜਾਵਾਂਗਾ। [10]ਸੋ ਲੂਤ ਨੇ ਆਪਣੀਆਂ ਅੱਖੀਆਂ ਚੁੱਕਕੇ ਯਰਦਨ ਦੇ ਸਾਰੇ ਮੈਦਾਨ ਨੂੰ ਵੇਖਿਆ ਕਿ ਉਹ ਸਾਰਾ ਮੈਦਾਨ ਇਸ ਤੋਂ ਪਹਿਲਾਂ ਕਿ ਯਹੋਵਾਹ ਨੇ ਸਦੂਮ ਅਰ ਅਮੂਰਾਹ ਨੂੰ ਨਾਸ਼ ਕੀਤਾ ਚੰਗਾ ਤਰ ਸੀ, ਉਹ ਯਹੋਵਾਹ ਦੇ ਬਾਗ਼ ਵਰਗਾ ਸੀ ਅਥਵਾ ਸੋਆਰ ਨੂੰ ਜਾਂਦੇ ਹੋਏ ਮਿਸਰ ਦੇਸ ਵਰਗਾ ਸੀ। [11]ਲੂਤ ਨੇ ਆਪਣੇ ਲਈ ਯਰਦਨ ਦਾ ਸਾਰਾ ਮੈਦਾਨ ਚੁਣਿਆ ਅਤੇ ਲੂਤ ਪੂਰਬ ਵੱਲ ਚਲਿਆ ਗਿਆ ਸੋ ਉਹ ਇੱਕ ਦੂਜੇ ਤੋਂ ਅੱਡ ਹੋ ਗਏ। [12]ਅਬਰਾਮ ਕਨਾਨ ਦੇ ਦੇਸ ਵਿੱਚ ਵੱਸਿਆ ਅਤੇ ਲੂਤ ਉਸ ਮੈਦਾਨ ਦੇ ਨਗਰਾਂ ਵਿੱਚ ਵੱਸਿਆ ਅਰ ਸਦੂਮ ਕੋਲ ਆਪਣਾ ਤੰਬੂ ਲਾਇਆ। [13]ਅਤੇ ਸਦੂਮ ਦੇ ਮਨੁੱਖ ਯਹੋਵਾਹ ਦੇ ਅੱਗੇ ਅੱਤ ਬੁਰਿਆਰ ਅਰ ਮਹਾਂ ਪਾਪੀ ਸਨ।**

**ਆਇਤ 8.** ਅਬਰਾਹਾਮ ਨੇ ਸ਼ਾਤੀਪੂਰਣ ਢੰਗ ਦੇ ਨਾਲ ਸਥਿਤੀ ਨੂੰ ਸੁਲਝਾਉਣ ਅਤੇ ਸਥਾਪਤ ਕਰਨ ਦਾ ਫੈਸਲਾ ਲਿਆ। ਉਸ ਨੇ ਲੂਤ ਦੇ ਨਾਲ ਪਰਸਪਰਸੰਗਤ ਸੰਬੰਧ ਰੱਖਣ ਦੇ ਮਹੱਤਵ ਨੂੰ ਪਛਾਣ ਲਿਆ, ਕਿਉਂਕਿ ਉਹ ਵਿਰੋਧੀ ਅਤੇ ਦੁਸ਼ਮਣ ਲੋਕਾਂ ਦੇ ਸਮੂਹਾਂ ਦੇ ਵਿਚ ਰਹਿੰਦੇ ਸਨ। ਇਬਰਾਨੀ ਭਾਸ਼ਾ ਇੱਥੇ ਅਸਧਾਰਣ ਹੈ: ਇਹ ਕਹਿਣ ਦੀ ਬਜਾਇ, **ਅਸੀਂ ਭਰਾ ਹਾਂ** ਇਹ ਦਾ ਸ਼ਾਬਦਿਕ ਅਰਥ ਹੈ, "ਪਾਲੀਆਂ, ਭਰਾ, ਅਸੀਂ" ਵਾਕ ਵਿਚ ਸ਼ਬਦ "ਪਾਲੀਆਂ" ਅਤੇ "ਭਰਾ" ਸਮਾਨ ਅਰਥ ਦੇ ਨਾਲ ਆਉਂਦੇ ਹਨ। ਸ਼ਬਦਾਂ ਦਾ ਅਰਥ ਕੁਝ ਇਸ ਪ੍ਰਕਾਰ ਹੈ: ਪਾਲੀਆਂ ਨੂੰ ਝਗੜਾ ਨਹੀਂ ਕਰਨਾ ਚਾਹੀਦਾ ਹੈ, ਭਾਈਆਂ ਨੂੰ ਇਕੱਲੇ ਛੱਡ ਦੇਣਾ ਚਾਹੀਦਾ ਹੈ।[3] ਸ਼ਬਦ "ਭਰਾ" (אַחִים, *ਅਹਿਮ*) ਨੂੰ ਕਠੋਰਤਮ ਅਰਥ ਵਿਚ ਨਹੀਂ ਲੈਣਾ ਚਾਹੀਦਾ ਹੈ, ਪਰ "ਸੰਬੰਧੀ" (ESV) ਜਾਂ "ਰਿਸ਼ਤੇਦਾਰ" (NLT) ਦੇ ਰੂਪ ਵਿਚ ਲੈਣਾ ਚਾਹੀਦਾ ਹੈ। ਆਖਿਰਕਾਰ, ਲੂਤ ਅਬਰਾਹਾਮ ਦਾ ਭਤੀਜਾ ਸੀ, ਜੋ ਪੁਰਖੇ ਦੇ ਭਰਾ ਹਾਰਾਨ ਦਾ ਪੁੱਤਰ ਸੀ (11:27)।

ਬਜ਼ੁਰਗ ਆਦਮੀ ਆਪਣੇ ਜਵਾਨ ਰਿਸ਼ਤੇਦਾਰ ਦੇ ਨਾਲ ਆਪਣੀ ਸਥਿਤੀ ਨੂੰ ਸ਼ਾਂਤ ਕਰਨਾ ਅਤੇ **ਝਗੜਾ** ਖਤਮ ਕਰਨਾ ਚਾਹੁੰਦਾ ਸੀ।

ਅਬਰਾਹਾਮ ਨੇ ਇਸ ਖਤਰਨਾਕ ਸਥਿਤੀ ਨੂੰ ਹੱਲ ਕਰਨ ਦੇ ਲਈ ਫਟਾਫਟ ਕੰਮ ਕੀਤਾ, ਜੋ ਕਿ ਉਸ ਤੋਂ ਇਕਦਮ ਉਲਟ ਸੀ ਜੋ ਅਬਰਾਹਾਮ ਨੇ ਮਿਸਰ ਵਿਚ ਕੀਤਾ ਸੀ। ਜਦਕਿ ਉਸ ਨੇ ਨੀਲ ਦੀ ਘਾਟੀ ਵਿਚ ਝਗੜਾ ਕੀਤਾ ਸੀ, ਪਰ ਹੁਣ ਉਸ ਨੇ ਤਨਾਅ ਨੂੰ ਵੱਧਣ ਤੋਂ ਰੋਕਣ ਦੇ ਲਈ ਕਾਹਲੀ ਕੀਤੀ ਤਾਂਕਿ ਇਹ ਹਿੰਸਾ ਵਿਚ ਨਾ ਵੱਧ ਜਾਵੇ। ਮਿਸਰ ਵਿਚ, ਉਸ ਨੇ ਆਪਣੇ ਹਿਤ ਵਿਚ ਕੰਮ ਕੀਤਾ; ਪਰ ਕਨਾਨ ਵਿਚ ਵਾਪਸ ਮੁੜ ਆ ਜਾਣ ਤੋਂ ਬਾਅਦ, ਉਸ ਨੇ ਇੱਕ ਉਦਾਰਤਾ ਭਰੀ ਪੇਸ਼ਕਸ਼ ਕੀਤੀ ਜੋ ਉਸ ਦੇ ਆਪਣੇ ਆਪ ਤੋਂ ਵੱਧ ਕੇ ਲੂਤ ਦੇ ਪੱਖ ਵਿਚ ਸੀ। ਕੋਈ ਨਹੀਂ ਦਸ ਸੱਕਦਾ; ਪਰ ਕੋਈ ਅਨੁਮਾਨ ਲਗਾ ਸਕਦਾ ਹੈ ਕਿ ਅਬਰਾਹਾਮ ਨੇ ਮਿਸਰ ਵਿਚਲੀ ਆਪਣੀ ਅਸਫਲਤਾ ਤੋਂ ਕੁਝ ਸਿੱਖਿਆ ਸੀ; ਬੈਤ-ਏਲ ਦੇ ਨੇੜੇ ਦੀ ਜਗਵੇਦੀ ਵੱਲ ਮੁੜਣ ਨੇ ਅਤੇ ਪਰਮੇਸ਼ੁਰ ਦੇ ਨਾਲ ਗੱਲਬਾਤ ਨੇ (13:4) ਉਸ ਦੇ ਫੈਸਲੇ ਤੇ ਪ੍ਰਭਾਵ ਪਾਇਆ ਹੋ ਸਕਦਾ ਹੈ।

ਬਾਅਦ ਵਿਚ, ਇਸ ਤਰ੍ਹਾਂ ਜਾਪਦਾ ਹੈ ਕਿ ਅਬਰਾਹਾਮ ਨੇ ਆਪਣੇ ਪੁੱਤਰ ਇਸਹਾਕ ਦੇ ਅੰਦਰ ਝਗੜੇ ਦੀ ਬਜਾਇ ਸ਼ਾਂਤੀ ਦੀ ਇੱਛਾ ਨੂੰ ਪੈਦਾ ਕਰ ਦਿੱਤਾ ਸੀ। ਇਸਹਾਕ ਨੇ ਆਪਣੇ ਖੂਹਾਂ ਦੇ ਦਾਅਵਿਆਂ ਦਾ ਵਿਰੋਧ ਨਹੀਂ ਕੀਤਾ ਜੋ ਗਰਾਰ ਦੇ ਰਾਜੇ ਅਬੀਮਲਕ ਦੇ ਪਾਲੀਆਂ ਨੇ ਪੁੱਟੇ ਸਨ। ਜਦਕਿ ਉਹ ਆਪਣੇ ਕਾਨੂੰਨੀ ਅਧਿਕਾਰਾਂ ਦਾ ਦਬਾਅ ਪਾ ਸਕਦਾ ਸੀ, ਜਿਸ ਨੇ ਹਿੰਸਾ ਨੂੰ ਪੈਦਾ ਕੀਤਾ ਹੋ ਸਕਦਾ ਸੀ, ਪਰ ਇਸਹਾਕ ਨੇ ਆਪਣੇ ਖੂਹਾਂ ਨੂੰ ਤਿਆਗਣ ਅਤੇ ਆਪਣੇ ਨੌਕਰਾਂ ਨੂੰ ਹੋ ਇਲਾਕੇ ਵਿਚ ਦੁਬਾਰਾ ਖੂਹ ਪੁੱਟਣ ਦਾ ਹੁਕਮ ਦੇਣ ਦੇ ਦੁਆਰਾ ਸ਼ਾਂਤੀਪੂਰਣ ਮਾਰਗ ਨੂੰ ਚੁਣਿਆ (26:18-22)।

**ਆਇਤ 9.** ਕਿਉਂਕਿ ਅਬਰਾਹਾਮ ਅਤੇ ਲੂਤ ਦੇ ਲਈ ਇਹ ਜ਼ਰੂਰੀ ਸੀ ਕਿ, ਆਪਣੇ ਆਪਣੇ ਪਰਿਵਾਰਾਂ ਅਤੇ ਮਾਲ-ਧਨ ਲੈ ਕੇ, ਇੱਕ ਦੂਏ ਤੋਂ **ਵੱਖਰਾ** ਹੋ ਜਾਵੇ, ਇਸ ਲਈ ਅਬਰਾਹਾਮ ਨੇ ਇੱਕ ਪ੍ਰਸਤਾਵ ਪੇਸ਼ ਕੀਤਾ। ਉਸ ਨੇ ਲੂਤ ਨੂੰ ਉਹ ਦਿਸ਼ਾ ਚੁਣਨ ਦੀ ਅਤੇ ਕਨਾਨ ਦਾ ਉਹ ਖੇਤਰ ਚੁਣਨ ਦੀ ਮਨਜ਼ੂਰੀ ਦਿੱਤੀ ਜਿੱਥੇ ਉਹ ਰਹਿਣਾ ਚਾਹੁੰਦਾ ਸੀ। ਪੁਰਖੇ ਨੇ ਇਹ ਕਹਿੰਦੇ ਹੋਏ, ਕੁਝ ਵੀ ਬਾਕੀ ਨਹੀਂ ਰੱਖਿਆ ਕਿ, **ਭਲਾ, ਤੇਰੇ ਅੱਗੇ ਸਾਰਾ ਦੇਸ ਨਹੀਂ ਹੈ? ਜੇ ਤੂੰ ਖੱਬੇ ਪਾਸੇ ਜਾਵੇਂ ਤਾਂ ਮੈਂ ਸੱਜੇ ਪਾਸੇ ਜਾਵਾਂਗਾ ਅਤੇ ਜੇ ਤੂੰ ਸੱਜੇ ਪਾਸੇ ਜਾਵੇਂ ਤਾਂ ਮੈਂ ਖੱਬੇ ਪਾਸੇ ਜਾਵਾਂਗਾ।**

ਇਸ ਤਰ੍ਹਾਂ ਦੇ ਬਿਆਨ ਦੇ ਨਾਲ ਲੂਤ ਨੂੰ ਵਿਸ਼ੇਸ਼ ਤੌਰ ਤੇ ਹੈਰਾਨ ਹੋ ਜਾਣਾ ਚਾਹੀਦਾ ਸੀ; ਕਿਉਂਕਿ ਇੱਕ ਪਿਤਾ ਪ੍ਰਧਾਨ ਸਮਾਜ ਵਿਚ ਉਮਰ ਵਿਚ ਵੱਡਾ ਸੰਬੰਧੀ – ਭਾਵੇਂ ਪਿਤਾ ਹੋਵੇ ਭਾਵੇਂ ਚਾਚਾ – ਉਸ ਨੂੰ ਅਜਿਹਾ ਫੈਸਲਾ ਲੈਣ ਦਾ ਅਧਿਕਾਰ ਹੁੰਦਾ ਸੀ ਅਤੇ ਛੋਟੇ ਆਦਮੀ ਨੂੰ ਉਸ ਫੈਸਲੇ ਦਾ ਆਦਰ ਕਰਨਾ ਪੈਂਦਾ ਸੀ। ਇਸ ਤੋਂ ਇਲਾਵਾ, ਇਹ ਇੱਕ ਫੈਸਲਾ ਸੀ ਜੋ ਅਬਰਾਹਾਮ ਦੀ ਸੰਤਾਨ ਨੂੰ ਕਨਾਨ ਦੇਸ ਦੇਣ ਦੇ ਵਾਇਦੇ ਦੇ ਦੁਆਰਾ ਪਰਮੇਸ਼ੁਰ ਪਹਿਲਾਂ ਤੋਂ ਹੀ ਲੈ ਚੁੱਕਾ ਸੀ (12:7)। ਕੁਲਪਿਤਾ ਦੇ ਦੁਆਰਾ ਕੁਦਰਤੀ ਅਤੇ ਤਰਕਸੰਗਤ ਰੂਪ ਵਿਚ ਆਪਣੇ ਅਤੇ ਆਪਣੀ ਸੰਤਾਨ ਦੇ ਲਈ ਜ਼ਮੀਨ ਦੀ ਦਾਅਵਾ ਕੀਤਾ ਜਾਣਾ ਚਾਹੀਦਾ ਸੀ, ਤਾਂ ਕਿ ਭਵਿੱਖ ਦੇ ਦਾਵਿਆਂ ਨੂੰ ਸੰਤੁਲਿਤ ਕੀਤਾ ਜਾ ਸਕੇ ਜੋ ਲੂਤ ਦੀ ਸੰਤਾਨ ਇਸ ਦੇ ਲਈ ਕਰ ਸਕਦੀ ਹੈ।

ਇਸ ਮੌਕੇ ਤੇ ਅਬਰਾਹਾਮ ਨੂੰ ਕਿਸ ਚੀਜ਼ ਨੇ ਪ੍ਰੇਰਿਤ ਕੀਤਾ ਸੀ? ਇੱਕ ਸੰਭਾਵਨਾ ਇਹ ਹੈ ਕਿ ਅਬਰਾਹਾਮ ਆਪਣੇ ਪਰਿਵਾਰ ਨੂੰ ਅਸੀਸ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਬੁਲਾਇਆ, ਤਾਂ ਉਸ ਨੇ ਉਸ ਨੂੰ ਹੁਕਮ ਦਿੱਤਾ ਕਿ "ਬਰਕਤ ਦਾ ਕਾਰਨ ਹੋ" (12:2); ਪਰ ਸਾਰਾਹ ਦੇ ਵਿਸ਼ੇ ਵਿਚ ਗਲਤ ਹਵਾਲਾ ਦੇਣ ਦੇ ਧੋਖੇ ਦੇ ਦੁਆਰਾ, ਪੁਰਖਾ ਬਰਕਤ ਦੇ ਥਾਂ, ਫ਼ਿਰਾਊਨ ਦੇ ਘਰ ਤੇ "ਸਰਾਪ" (ਬਵਾਂ) ਨੂੰ ਲੈ ਆਇਆ (12:17)। ਸ਼ਾਇਦ ਇਸ ਸਮੇਂ

ਉਸ ਨੇ ਵਾਇਦਾ ਕੀਤੇ ਹੋਏ ਦੇਸ ਦੇ ਕਿਸੇ ਵੀ ਹਿੱਸੇ ਨੂੰ ਚੁਣ ਲੈਣ ਦੀ ਇਜਾਜ਼ਤ ਦੇਣ ਦੇ ਦੁਆਰਾ ਆਪਣੇ ਭਤੀਜੇ ਦੇ ਲਈ "ਇੱਕ ਬਰਕਤ ਬਣਨ" ਦਾ ਫੈਸਲਾ ਕਰ ਲਿਆ ਸੀ।

ਦੂਸਰਾ ਵਿਚਾਰ ਇਹ ਹੈ ਕਿ ਅਬਰਾਹਾਮ ਦੇ ਲਈ ਇਹ ਇੱਕ ਵਿਸ਼ਵਾਸ ਦਾ ਕੰਮ ਸੀ। ਲੂਤ ਨੂੰ ਇਸ ਪ੍ਰਕਾਰ ਦੀ ਖੁੱਲ੍ਹਦਿਲੀ ਦੀ ਚੋਣ ਕਰਨ ਦੀ ਇਜਾਜ਼ਤ ਇਸ ਗੱਲ ਦਾ ਸੰਕੇਤ ਕਰਨ ਦਾ ਤਰੀਕਾ ਹੋ ਸਕਦਾ ਹੈ ਕਿ ਉਸ ਨੂੰ ਪਰਮੇਸ਼ੁਰ ਵਿਚ ਇਸ ਗੱਲ ਦਾ ਭਰੋਸਾ ਹੈ ਕਿ ਉਹ ਆਪਣੀਆਂ ਯੋਜਨਾਵਾਂ ਅਤੇ ਉਦੇਸ਼ਾਂ ਨੂੰ ਪੂਰਾ ਕਰੇਗਾ। ਇਬਰਾਨੀਆਂ ਦੇ ਲੇਖਕ ਨੇ ਅਬਰਾਹਾਮ ਦੇ ਵਿਸ਼ੇ ਵਿਚ ਕਿਹਾ ਕਿ, "ਨਿਹਚਾ ਨਾਲ ਉਹ ਵਾਇਦੇ ਵਾਲੀ ਧਰਤੀ ਵਿੱਚ ਜੀ ਵੱਸਿਆ ਜਿਵੇਂ ਪਰਾਈ ਧਰਤੀ ਵਿੱਚ . . . ਤੰਬੂਆਂ ਵਿੱਚ ਵਾਸ ਕੀਤਾ" (ਇਬਰਾਨੀਆਂ 11:9)। ਹੋਰਨਾਂ ਸ਼ਬਦਾਂ ਵਿਚ, ਵਿਸ਼ਵਾਸੀਆਂ ਦੇ ਪਿਤਾ ਨੇ ਜ਼ਮੀਨ ਦੇ ਉਸ ਵੱਡੇ ਹਿੱਸੇ ਦੇ ਕਿਸੇ ਵੀ ਸਥਾਈ ਦਾਵਿਆਂ ਨੂੰ ਪੇਸ਼ ਨਹੀਂ ਕੀਤਾ ਜਿਸ ਨੂੰ ਲੂਤ ਨੇ ਨਹੀਂ ਚੁਣਿਆ ਸੀ। ਉਸ ਨੇ ਸਧਾਰਣ ਤੌਰ ਤੇ ਇਸ ਮਾਮਲੇ ਨੂੰ ਪਰਮੇਸ਼ੁਰ ਦੇ ਉੱਤੇ ਛੱਡ ਦਿੱਤਾ ਕਿ ਉਹ ਆਪਣੀ ਇੱਛਾ ਦੇ ਅਨੁਸਾਰ ਆਪਣੇ ਹੀ ਸਮੇਂ ਤੇ, ਜ਼ਮੀਨ ਦੇ ਵਾਇਦੇ ਨੂੰ ਪੂਰਾ ਕਰੇ।

**ਆਇਤ 10. ਸੋ ਲੂਤ ਨੇ ਆਪਣੀਆਂ ਅੱਖੀਆਂ ਚੁੱਕਕੇ ਯਰਦਨ ਦੇ ਸਾਰੇ ਮੈਦਾਨ ਨੂੰ ਵੇਖਿਆ,** ਜੋ ਉਪਜਾਊ ਅਤੇ **ਚੰਗਾ ਤਰ ਸੀ।** ਯਰਦਨ ਦੀ ਘਾਟੀ ਦੇ ਸੰਬੰਧ ਵਿਚ, ਕਥਾਕਾਰ ਨੇ ਆਪਣੇ ਪਾਠਕਾਂ ਦੇ ਦਿਨਾਂ ਦੀ ਸਥਿਤੀ ਦੀ ਤੁਲਨਾ ਅਬਰਾਹਾਮ ਦੇ ਜੀਵਨ ਕਾਲ ਦੀ ਸਥਿਤੀ ਦੇ ਨਾਲ ਕਰਦਿਆਂ ਹੋਇਆਂ ਇੱਕ ਕਾਲਕ੍ਰਮ ਅਨੁਸਾਰ ਵਿਆਖਿਆ ਦਿੱਤੀ ਹੈ; ਉਸ ਨੇ **ਕਿਹਾ ਇਸ ਤੋਂ ਪਹਿਲਾਂ ਕਿ ਯਹੋਵਾਹ ਨੇ ਸਦੂਮ ਅਰ ਅਮੂਰਾਹ ਨੂੰ ਨਾਸ਼ ਕੀਤਾ** – ਇੱਕ ਵਿਨਾਸ ਜੋ ਉਨ੍ਹਾਂ ਦੀ ਮਹਾਨ ਦੁਸ਼ਟਤਾ ਦੇ ਕਾਰਣ ਆਇਆ ਸੀ (13:13; 19:1-29)। ਯਰਦਨ ਦੀ ਘਾਟੀ ਦੇ ਕੁਝ ਇਲਾਕਿਆਂ ਵਿਚ, ਜਿਵੇਂ ਯਰੀਹੋ ਵਿਚ, ਬਹਾਰ ਦੀ ਰੁੱਤ ਵਿਚ ਹੁਣ ਵੀ ਕੇਂਦਰੀ ਪਹਾੜੀ ਦੇਸ ਤੋਂ ਮੀਂਹ ਵਰ ਜਾਂਦਾ ਹੈ, ਜਿਸ ਨਾਲ ਬਹੁਤ ਸਾਰੀ ਫਸਲ ਅਤੇ ਪੈਦਾਵਾਰ ਹੁੰਦੀ ਹੈ; ਪਰ, ਪ੍ਰਭੂ ਦੇ ਦੁਆਰਾ ਨਾਸ ਕੀਤੇ ਜਾਣ ਤੋਂ ਬਾਅਦ ਮੈਦਾਨ ਦੇ ਵੱਡੇ ਖੇਤਰ ਨੇ ਆਪਣੀ ਜ਼ਿਆਦਾਤਰ ਉਪਜਾਊ ਸ਼ਕਤੀ ਗੁਆ ਲਈ ਹੈ (19:1-29)। ਜਲਵਾਯੂ ਅਤੇ ਭੂ-ਵਿਗਿਆਨ ਵਿਚ ਕੁਝ ਤਬਦੀਲੀਆਂ ਆਈਆਂ ਹਨ ਅਤੇ ਇਹ ਇਸ ਗੱਲ ਨੂੰ ਸਮਝਾਉਣਗੇ ਕਿ ਹੁਣ ਦੀ ਤੁਲਨਾ ਵਿਚ ਅਬਰਾਹਾਮ ਦੇ ਸਮੇਂ ਉਹ ਖੇਤਰ ਵਧੇਰੇ ਉਪਜਾਊ ਸਨ।

ਜਦੋਂ ਲੂਤ ਨੇ ਉਸ ਖੇਤਰ ਨੂੰ ਵੇਖਿਆ, ਤਾਂ ਉਸ ਨੇ ਆਪਣੇ ਮਨ ਵਿਚ ਇੱਕ ਚਿੱਤਰ ਬਣਾਇਆ ਕਿ **ਯਹੋਵਾਹ ਦੇ ਬਾਗ਼** (ਅਦਨ ਦਾ ਫ਼ਿਰਦੌਸ) ਕਿਹੋ ਜਿਹਾ ਦਿਖਾਈ ਦਿੰਦਾ ਹੋਵੇਗਾ: ਭਰਪੂਰ ਅਤੇ ਫਲਦਾਇਕ (2:8-14; ਵੇਖੋ ਯਸਾਯਾਹ 51:3; ਹਿਜ਼ਕੀਏਲ 36:35)। ਹੋ ਸਕਦਾ ਹੈ ਕਿ ਉਸ ਨੇ ਇਹ ਚਿੱਤਰ **ਮਿਸਰ ਦੇਸ** ਵਿਚ ਆਪਣੀ ਹਾਲ ਹੀ ਦੀ ਯਾਤਰਾ ਤੋਂ ਪ੍ਰਾਪਤ ਕੀਤਾ ਹੋਵੇ, ਜਿੱਥੇ ਉਸ ਨੇ ਅਕਾਲ ਦੇ ਦੌਰਾਨ ਅਬਰਾਹਾਮ ਦੇ ਘਰਾਣੇ ਦੇ ਨਾਲ ਯਾਤਰਾ ਕੀਤੀ ਸੀ।

ਵਾਕ **ਸੋਆਰ ਨੂੰ ਜਾਂਦੇ ਹੋਏ** ਇੱਕ ਮੁਸ਼ਕਲ ਨੂੰ ਪੇਸ਼ ਕਰਦਾ ਹੈ ਕਿਉਂਕਿ "ਸੋਆਰ" ਦੀ ਸਥਿਤੀ ਅਨਿਸ਼ਚਤ ਹੈ। ਇਹ ਲਾਲ ਸਮੁੰਦਰ ਦੇ ਕਿਨਾਰੇ ਦਾ ਇੱਕ ਸ਼ਹਿਰ ਰਿਹਾ ਹੈ,[4] ਜੋ ਸਦੂਮ ਅਤੇ ਅਮੂਰਾਹ ਤੋਂ ਬਹੁਤ ਜ਼ਿਆਦਾ ਦੂਰ ਨਹੀਂ ਹੈ (14:2, 8; 19:22-24, 30)।[5]

**ਆਇਤ 11.** ਜ਼ਮੀਨ ਦੇ ਪ੍ਰਤਿ ਲੂਤ ਦੀ ਚੋਣ ਉਸ ਦੀਆਂ ਅੱਖਾਂ ਦੇ ਵੇਖਣ ਤੇ ਅਧਾਰਤ ਸੀ। ਲਿਖਤ ਕਹਿੰਦੀ ਹੈ ਕਿ ਉਸ ਨੇ, ਆਪਣੇ ਦਲ ਦੇ ਨਾਲ ਉੱਥੇ ਵੱਸਣ ਦੇ ਲਈ **ਆਪਣੇ ਲਈ ਯਰਦਨ ਦਾ ਸਾਰਾ ਮੈਦਾਨ ਚੁਣਿਆ ਅਤੇ ਲੂਤ ਪੂਰਬ ਵੱਲ ਚਲਿਆ ਗਿਆ**। ਲੂਤ ਦੇ ਵੱਸਣ ਤੇ ਠੀਕ ਤਰ੍ਹਾਂ ਦੇ ਨਾਲ ਕੋਈ ਸਹਿਮਤੀ ਨਹੀਂ ਮਿਲੀ ਹੈ; ਸੁਝਾਅ ਵਿਚ ਪਰਕਾਰ ਦੇ ਸਾਰੇ ਬਿੰਦੂ ਸ਼ਾਮਲ ਹਨ: ਉੱਤਰ, ਪੂਰਬ, ਦੱਖਣ ਅਤੇ ਲਾਲ ਸਮੁੰਦਰ ਦਾ ਦੱਖਣ ਹਿੱਸਾ। ਕੁਝ ਲੋਕ ਮੰਨਦੇ

ਹਨ ਕਿ ਪ੍ਰਾਚੀਨ ਸਦੂਮ, ਜਿੱਥੇ ਆਖਿਰਕਾਰ ਲੂਤ ਵੱਸਿਆ ਸੀ, ਉਹ ਅਸਲ ਵਿਚ ਸਮੁੰਦਰ ਦੇ ਇੱਕ ਹਿੱਸੇ ਦੇ ਹੇਠ ਹੈ ਅਤੇ ਇਸੇ ਕਾਰਣ ਅੱਜ ਇਸ ਨੂੰ ਵੇਖਿਆ ਨਹੀਂ ਜਾ ਸਕਦਾ ਹੈ।

ਇਸ ਤਰੀਕੇ ਦੇ ਨਾਲ, ਅਬਰਾਹਾਮ ਅਤੇ ਲੂਤ **ਇੱਕ ਦੂਜੇ ਤੋਂ ਅੱਡ ਹੋ ਗਏ**। ਇਸ ਸਮੇਂ ਕਨਾਨ ਦੇਸ ਦੀਆਂ ਸੀਮਾਵਾਂ ਕਿੱਥੇ ਸਨ ਇਹ ਅਸਪੱਸ਼ਟ ਹੈ। ਬਾਅਦ ਵਿਚ, ਮੂਸਾ ਦੇ ਸਮੇਂ ਵਿਚ, ਵਾਇਦਾ ਕੀਤੇ ਦੇਸ ਦੀਆਂ ਸੀਮਾਵਾਂ ਨੂੰ ਗਿਣਤੀ 34:1-12 ਵਿਚ ਦੱਸਿਆ ਗਿਆ ਹੈ ਜਿਸ ਵਿਚ ਯਰਦਨ ਨਦੀ ਦੇ ਪੂਰਬੀ ਅਤੇ ਪੱਛਮੀ ਦੋਵੇਂ ਭਾਗ ਸ਼ਾਮਲ ਹਨ; ਪਰ, ਉਤਪਤੀ 13 ਵਿਚ "ਕਨਾਨ ਦੇ ਦੇਸ ਵਿੱਚ" ਸਪੱਸ਼ਟ ਤੌਰ ਤੇ ਸਿਰਫ ਯਰਦਨ ਨਦੀ ਦੀ ਪੱਛਮੀ ਜ਼ਮੀਨ ਹੀ ਸ਼ਾਮਲ ਸੀ (13:10, 12)। ਇਸ ਲਈ, ਜਦੋਂ ਲੂਤ ਪੂਰਬ ਵੱਲ ਯਾਤਰਾ ਕਰ ਰਿਹਾ ਸੀ, ਤਾਂ ਉਹ ਕਨਾਨ ਦੇਸ ਦੇ ਕਿਨਾਰੇ ਤੇ ਅਤੇ ਹੋ ਸਕਦਾ ਹੈ ਇਸ ਤੋਂ ਵੀ ਅੱਗੇ ਜਾ ਰਿਹਾ ਸੀ। ਉਤਪਤ 10:19 ਵਿਚ, ਸਦੂਮ ਅਤੇ ਅਮੂਰਾਹ, ਇਸ ਦੇ ਨਾਲ ਨਾਲ ਮੈਦਾਨ ਦੇ ਹੋਰ ਸ਼ਹਿਰ, ਨਿਸ਼ਚਤ ਤੌਰ ਤੇ ਦੇਸ ਦੀ ਸੀਮਾ ਤੇ ਨਿਸ਼ਾਨ ਲਗਾਉਂਦੇ ਸਨ। ਜਦੋਂ ਲੂਤ ਮੱਧ ਪਹਾੜੀ ਦੇਸ ਤੋਂ ਪੂਰਬ ਵੱਲ ਗਿਆ, ਤਾਂ, ਉਹ ਅਸਲ ਵਿਚ ਵਾਇਦਾ ਕੀਤੇ ਦੇਸ ਵੱਲ ਆਪਣੀ ਪਿੱਠ ਭੁਵਾਂ ਰਿਹਾ ਸੀ ਅਤੇ ਉਸ ਖੇਤਰ ਵੱਲ ਯਾਤਰਾ ਸ਼ੁਰੂ ਕਰ ਦਿੱਤੀ ਜੋ ਯਰਦਨ ਦੇ ਪੂਰਬ ਵੱਲ, ਉਸ ਦੇ ਵੰਸ ਅੰਮੋਨੀਆਂ ਅਤੇ ਮੋਆਬੀਆਂ ਨੇ, ਆਖਿਰਕਾਰ ਵਿਰਸੇ ਵਿਚ ਪ੍ਰਾਪਤ ਕਰਨੀ ਸੀ। ਅਬਰਾਹਾਮ ਕੋਲੋਂ ਵੱਖਰਾ ਹੋ ਕੇ ਪੂਰਬ ਵੱਲ ਜਾਣ ਦੇ ਦੁਆਰਾ, ਲੂਤ ਪਰਮੇਸ਼ੁਰ ਦੀਆਂ ਬਰਕਤਾਂ ਤੋਂ ਦੂਰ ਜਾ ਰਿਹਾ ਸੀ ਅਤੇ ਜਿਵੇਂ 14:12 ਅਤੇ 19:12-26 ਵਿਚ ਸਪੱਸ਼ਟ ਹੈ, ਉਹ ਆਪਣੇ ਆਪ ਤੇ ਸਰਾਪ ਨੂੰ ਬੁਲਾ ਰਿਹਾ ਸੀ।

**ਆਇਤ 12.** ਲੂਤ ਦੀ ਚੋਣ ਦੇ ਨਤੀਜੇ ਵਜੋਂ, **ਅਬਰਾਹਾਮ ਕਨਾਨ ਦੇ ਦੇਸ ਵਿੱਚ ਵੱਸਿਆ** ਅਤੇ **ਲੂਤ ਉਸ ਮੈਦਾਨ ਦੇ ਨਗਰਾਂ ਵਿੱਚ ਵੱਸਿਆ**। ਇਸ ਸੰਦਰਭ ਵਿਚ ਸ਼ਬਦ "ਵੱਸਿਆ" (יָשַׁב, *ਯਸ਼ਬ*) ਦਾ ਅਰਥ ਇਹ ਨਹੀਂ ਹੈ ਕਿ ਦੋਵਾਂ ਵਿਚੋਂ ਕੋਈ ਵੀ ਕਿਸੇ ਇੱਕ ਨਿਸ਼ਚਤ ਸਥਾਨ ਤੇ ਸਥਾਈ ਰੂਪ ਵਿਚ ਵੱਸ ਗਿਆ ਸੀ। ਅਬਰਾਹਾਮ, ਵਿਸ਼ਵਾਸ ਦੇ ਨਾਲ ਚੱਲਦੇ ਹੋਏ, ਕਨਾਨ ਵਿਚ "ਵੱਸਿਆ" ਭਾਵੇਂ ਉਸ ਨੇ ਇੱਕ ਥਾਂ ਤੋਂ ਦੂਜੀ ਥਾਂ ਤੇ ਯਾਤਰਾ ਕਰਦੇ ਹੋਏ "ਤੰਬੂਆਂ ਵਿੱਚ ਵਾਸ ਕੀਤਾ" (ਇਬਰਾਨੀਆਂ 11:9)। ਲੂਤ ਨੇ ਵੀ ਅਜਿਹਾ ਹੀ ਕੀਤਾ ਸੀ, ਜੋ ਇੱਕ ਸ਼ਹਿਰ ਤੋਂ ਦੂਸਰੇ ਸ਼ਹਿਰ ਵਿਚ ਗਿਆ ਅਤੇ ਆਖਿਰਕਾਰ **ਸਦੂਮ ਕੋਲ ਆਪਣਾ ਤੰਬੂ ਲਾਇਆ**। ਇਸ ਤੋਂ ਬਾਅਦ, ਸ਼ਾਇਦ ਜ਼ਿਆਦਾ ਦੇਰ ਨਹੀਂ ਹੋਈ ਸੀ ਕਿ ਉਸ ਨੇ ਸ਼ਹਿਰ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ, ਸ਼ਹਿਰ ਦੇ ਵਿਚ ਆਪਣੇ ਪਰਿਵਾਰ ਦੇ ਲਈ ਘਰ ਬਣਾ ਲਿਆ (14:12)।

**ਆਇਤ 13.** ਇਸ ਮੌਕੇ ਤੇ, ਲੇਖਕ ਨੇ ਆਪਣੇ ਪਾਠਕਾਂ ਨੂੰ ਦੂਸਰੀ ਧਾਰਮਿਕ ਵਿਆਖਿਆ ਦਾ ਹਵਾਲਾ ਦਿੱਤਾ: **ਅਤੇ ਸਦੂਮ ਦੇ ਮਨੁੱਖ ਯਹੋਵਾਹ ਦੇ ਅੱਗੇ ਅੱਤ ਬੁਰਿਆਰ ਅਰ ਮਹਾਂ ਪਾਪੀ ਸਨ।** ਇਹ ਬਿਆਨ ਸਦੂਮ ਦੇ ਖੇਤਰ ਵਿਚ ਜਾਣ ਦੀ ਲੂਤ ਦੀ ਮੂਰਖਤਾ ਨੂੰ ਦਰਸਾਉਂਦਾ ਹੈ। ਜਾਹਿਰ ਤੌਰ ਤੇ, ਉਸ ਨੂੰ ਯਰਦਨ ਦੀ ਘਾਟੀ ਦੀ ਉਪਜਾਊ ਆਰਥਿਕ ਸਥਿਤੀ ਨੇ ਇੰਨਾ ਜ਼ਿਆਦਾ ਆਕਰਸ਼ਿਤ ਕੀਤਾ ਕਿ ਉਸ ਨੇ ਅਜਿਹੇ ਪਾਪੀ ਵਾਤਾਵਰਣ ਵਿਚ ਰਹਿਣ ਦੇ ਖਤਰੇ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਸਦੂਮ ਦੀ ਜੀਵਨ ਸ਼ੈਲੀ ਦਾ ਵਰਣਨ ਦੱਸਦਾ ਹੈ ਕਿ ਉਹ "ਦੁਸ਼ਟ" (רַע, *ਰਾ*) ਸਨ। ਇਹ ਉਹੀ ਵਰਣਨਯੋਗ ਸ਼ਬਦ ਹੈ ਜੋ ਜਲ ਪਰਲੋ ਤੋਂ ਪਹਿਲਾਂ ਦੀ ਪੀੜ੍ਹੀ ਦੇ ਲਈ ਵਰਤਿਆ ਗਿਆ ਸੀ (6:5; 8:21)। ਪਰ, ਮੂਲਲਿਖਤ ਅੱਗੇ, ਉਨ੍ਹਾਂ ਦਾ ਹਵਾਲਾ ਦਿੰਦੇ ਵਿਸਥਾਰ ਦੇ ਨਾਲ ਦੱਸਦੀ ਹੈ ਕਿ ਉਹ ਯਹੋਵਾਹ ਦੇ ਅੱਗੇ, "ਅੱਤ ਬੁਰਿਆਰ . . . ਸਨ।" ਅੱਜ ਦੇ ਸੰਸਾਰ ਵਿਚ ਅਜੀਬ ਗੱਲ ਹੋ ਸਕਦੀ ਹੈ; ਆਧੁਨਿਕ ਸੰਸਾਰ ਦਾ ਦਾਅਵਾ ਹੈ ਕਿ ਦੋ ਬਾਲਗਾਂ ਦੇ ਦੁਆਰਾ ਸਹਿਮਤੀ ਦੇ ਨਾਲ ਕੀਤਾ ਗਿਆ ਕੋਈ ਵੀ ਕੰਮ ਗਲਤ ਜਾਂ "ਪਾਪ" ਨਹੀਂ ਹੈ। ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਸਾਥੀ ਮਨੁੱਖਾਂ ਦੇ ਵਿਰੁੱਧ ਪਾਪ ਕਰਨ ਜਿਹੀ ਇੱਕ ਚੀਜ਼ ਹੈ ਪਰ

ਉਹ ਇਹ ਕਹਿਣ ਤੋਂ ਹਿਚਕਿਚਾਉਂਦੇ ਹਨ ਕਿ ਅਜਿਹਾ ਪਾਪ ਪਰਮੇਸ਼ੁਰ ਦੇ ਵਿਰੁੱਧ ਪਾਪ ਹੈ। ਲੇਖਕ ਨੇ ਇਸ ਸਮੇਂ ਸਦੂਮ ਦੇ ਦੁਸ਼ਟ ਕੰਮਾਂ ਦੀ ਪ੍ਰਕਿਰਤੀ ਨੂੰ ਵਿਸਥਾਰ ਦੇ ਨਾਲ ਨਹੀਂ ਦੱਸਿਆ; ਉਸ ਨੇ ਸਿਰਫ ਸਦੂਮ ਅਤੇ ਮੈਦਾਨ ਦੇ ਸ਼ਹਿਰਾਂ ਤੇ ਉਨ੍ਹਾਂ ਦੇ ਵਿਹਾਰਾਂ ਦੇ ਕਾਰਣ ਆਉਣ ਵਾਲੇ ਭਿਆਨਕ ਭਾਗ ਦਾ ਸੰਕੇਤ ਦਿੱਤਾ ਜੋ ਅਧਿਆਇ 19 ਦੇ ਨਾਲ ਪੂਰੀ ਤਰ੍ਹਾਂ ਦੇ ਨਾਲ ਸੰਬੰਧਤ ਹੈ।

## ਭੂਮੀ ਦੀ ਪ੍ਰਤਿੱਗਿਆ ਨੂੰ ਪਰਮੇਸ਼ੁਰ ਵੱਲੋਂ ਮੁੜ ਨਵਾਂ ਕਰਨਾ ਅਤੇ ਅਬਰਾਮ ਦਾ ਪ੍ਰਤਿਉੱਤਰ (13:14-18)

**[14]ਫੇਰ ਯਹੋਵਾਹ ਨੇ ਅਬਰਾਮ ਨੂੰ ਲੂਤ ਦੇ ਉਸ ਤੋਂ ਵੱਖਰੇ ਹੋਣ ਦੇ ਪਿੱਛੋਂ ਆਖਿਆ ਕਿ ਆਪਣੀਆਂ ਅੱਖੀਆਂ ਹੁਣ ਚੁੱਕਕੇ ਇਸ ਥਾਂ ਤੋਂ ਜਿੱਥੇ ਤੂੰ ਹੁਣ ਹੈਂ ਉੱਤਰ ਅਰ ਦੱਖਣ, ਪੂਰਬ ਅਰ ਪੱਛਮ ਵੱਲ ਵੇਖ। [15]ਕਿਉਂਕਿ ਏਹ ਸਾਰੀ ਧਰਤੀ ਜੋ ਤੂੰ ਵੇਖਦਾ ਹੈਂ ਤੈਨੂੰ ਅਰ ਤੇਰੀ ਅੰਸ ਨੂੰ ਸਦਾ ਲਈ ਮੈਂ ਦਿਆਂਗਾ। [16]ਅਤੇ ਮੈਂ ਤੇਰੀ ਅੰਸ ਧਰਤੀ ਦੀ ਧੂੜ ਵਰਗੀ ਅਜੇਹੀ ਵਧਾਂਵਾਗਾ ਕਿ ਜੇ ਕੋਈ ਮਨੁੱਖ ਧਰਤੀ ਦੀ ਧੂੜ ਨੂੰ ਗਿਣ ਸਕੇ ਤਾਂ ਉਹ ਤੇਰੀ ਅੰਸ ਨੂੰ ਵੀ ਗਿਣ ਸੱਕੇਗਾ। [17]ਉੱਠ ਅਤੇ ਏਸ ਦੇਸ ਦੀ ਲੰਬਾਈ ਚੌੜਾਈ ਵਿੱਚ ਫਿਰ ਕਿਉਂਜੋ ਮੈਂ ਇਹ ਤੈਨੂੰ ਦਿਆਂਗਾ। [18]ਤਾਂ ਅਬਰਾਮ ਨੇ ਆਪਣਾ ਤੰਬੂ ਪੁੱਟਿਆ ਅਤੇ ਮਮਰੇ ਦਿਆਂ ਬਲੂਤਾਂ ਕੋਲ ਜਿਹੜੇ ਹਬਰੋਨ ਵਿੱਚ ਹਨ ਜਾ ਵੱਸਿਆ ਅਤੇ ਉੱਥੇ ਉਸ ਨੇ ਇੱਕ ਜਗਵੇਦੀ ਯਹੋਵਾਹ ਲਈ ਬਣਾਈ।**

ਲੂਤ ਦੇ ਦੁਆਰਾ ਯਰਦਨ ਘਾਟੀ ਵੱਲ ਕੂਚ ਕਰਨ ਤੋਂ ਬਾਅਦ, ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਦੁਬਾਰਾ ਗੱਲਬਾਤ ਕੀਤੀ। ਉਸ ਨੇ ਪਹਿਲਾਂ ਅਬਰਾਹਾਮ ਅਤੇ ਉਸ ਦੀ ਅੰਸ ਨੂੰ ਕਨਾਨ ਦੇਸ ਦੇਣ ਦਾ ਵਾਇਦਾ ਕੀਤਾ (12:7)। ਇਸ ਮੌਕੇ ਤੇ, ਪਰਮੇਸ਼ੁਰ ਨੇ ਜ਼ਮੀਨ ਦੇ ਵਾਇਦੇ ਨੂੰ ਦੁਹਰਾਇਆ ਅਤੇ ਕਿਹਾ ਕਿ ਉਹ ਅਬਰਾਹਾਮ ਨੂੰ ਬਹੁਤ ਵਧਾਵੇਗਾ।

**ਆਇਤਾਂ 14, 15.** ਲੂਤ ਨੇ ਕਨਾਨ ਦੀ ਹੱਦ ਅਤੇ ਉਸ ਤੋਂ ਪਾਰ ਦੀ ਭੂਮੀ ਦੀ ਉਪਜਾਊ ਸ਼ਕਤੀ ਨੂੰ ਵੇਖਣ ਲਈ"ਆਪਣੀਆਂ ਅੱਖਾਂ ਚੁੱਕ ਕੇ" ਵੇਖਿਆਅਤੇ ਇਹ ਉਸ ਦੀਆਂ ਇੰਦਰੀਆਂ ਨੂੰ ਪਸੰਦ ਆਇਆ ਕਿ ਉਸ ਨੇ ਉੱਥੇ ਜਾਣ ਦਾ ਸੁਆਰਥੀ ਅਤੇ ਖਤਰਨਾਕ ਫੈਸਲਾ ਲੈ ਲਿਆ (13:10, 11)। ਲੂਤ ਦੇ ਫੈਸਲੇ ਤੋਂ ਬਾਅਦ, **ਯਹੋਵਾਹ** ਨੇ ਅਬਰਾਹਾਮ ਨੂੰ ਕਿਹਾ **ਆਪਣੀਆਂ** [ਉਹ] **ਅੱਖਾਂ ਹੁਣ ਚੁੱਕਕੇ . . . ਉੱਤਰ ਅਰ ਦੱਖਣ, ਪੂਰਬ ਅਰ ਪੱਛਮ ਵੱਲ** ਪੂਰੇ ਕਨਾਨ ਦੇਸ ਨੂੰ **ਵੇਖ**। ਪਰਮੇਸ਼ੁਰ ਉਸ ਦੀ ਅਗਵਾਈ ਕਰ ਰਿਹਾ ਸੀ ਕਿ ਉਹ ਆਪਣੇ ਫੈਸਲਿਆਂ ਨੂੰ ਪਰਮੇਸ਼ੁਰ ਦੀਆਂ ਰੱਬੀ ਯੋਜਨਾਵਾਂ ਅਤੇ ਉਦੇਸ਼ਾਂ ਦੇ ਆਧਾਰ ਤੇ ਲਵੇ ਜੋ ਉਸ ਦੇ ਲਈ ਅਤੇ ਉਸ **ਅੰਸ** ਦੇ ਲਈ ਸਨ, ਜੋ ਇਸ **ਧਰਤੀ** ਨੂੰ ਤੋਹਫ਼ੇ ਵਜੋਂ **ਸਦਾ** (עוֹלָם, *ਓਲਮ*) ਦੇ ਲਈ ਪਰਾਪਤ ਕਰਨ ਵਾਲੇ ਸਨ।

15ਵੀਂ ਆਇਤ ਦੇ ਅਨੁਵਾਦ ਤੋਂ ਇੱਕ ਪਰੇਸ਼ਾਨੀ ਪੈਦਾ ਹੋਈ ਹੈ ਕਿਉਂਕਿ ਬਾਈਬਲ ਦੇ ਵਿਦਿਆਰਥੀ ਅਕਸਰ ਇਹ ਸੋਚਦੇ ਹਨ ਕਿ ਇਸ ਦਾ ਅਰਥ ਹੈ ਕਿ ਅਬਰਾਹਾਮ ਦੀ ਅੰਸ ਨੇ ਵਾਇਦਾ ਕੀਤਾ ਹੋਇਆ ਦੇਸ "ਸਦਾ ਲਈ," ਪਰਮੇਸ਼ੁਰ ਦੇ ਕੋਲੋਂ ਇੱਕ ਬੇਬਦਲ ਅਤੇ ਬੇਸ਼ਰਤ ਤੋਹਫ਼ੇ ਦੇ ਰੂਪ ਵਿਚ ਪ੍ਰਾਪਤ ਕਰਨਾ ਸੀ। ਇਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਮਸੀਹੀਆਂ ਦੇ ਵਿਚਕਾਰ ਮਹੱਤਵਪੂਰਣ ਧਾਰਮਿਕ ਵਿਵਾਦ ਦਾ ਕਾਰਣ ਬਣਿਆ ਹੈ ਅਤੇ ਨਿਕਟ ਪੂਰਬ ਵਿਚ ਯਹੂਦੀਆਂ ਅਤੇ ਮੁਸਲਮਾਨਾਂ ਦੇ ਵਿਚਕਾਰ ਗੰਭੀਰ ਰਾਜਨੀਤਿਕ ਅਤੇ ਫੌਜ਼ੀ ਸਮੱਸਿਆਵਾਂ ਦਾ ਕਾਰਣ ਹੈ। ਸਮੇਂ ਦੀ ਲੰਬਾਈ ਦੇ ਲਿਹਾਜ ਨਾਲ "ਸਦਾ ਲਈ" ਸਹਾਇਕ ਅਨੁਵਾਦ ਨਹੀਂ ਹੈ ਕਿ ਅਬਰਾਹਾਮ ਦੀ ਅੰਸ (ਇਸਰਾਏਲੀ) ਕਨਾਨ ਦੇਸ ਤੇ ਕਬਜ਼ਾ ਕਰੇਗੀ। *ਓਲਮ* ਦਾ ਇੱਕ ਬੇਹਤਰ ਅਨੁਵਾਦ

"ਇੱਕ ਲੰਬਾ ਸਮਾਂ" ਜਾਂ "ਉਮਰ-ਸਥਾਈ" ਹੋਵੇਗਾ, ਜੋ ਸਮੇਂ ਦੇ ਕਾਰਕ ਨੂੰ ਅਨਿਸ਼ਚਤ ਰੂਪ ਵਿਚ ਛੱਡ ਦਿੰਦਾ ਹੈ।[7] ਅਨੇਕਾਂ ਬੰਦਾਂ ਇਸ ਗੱਲ ਦਾ ਸੰਕੇਤ ਦਿੰਦੇ ਹਨ ਕਿ ਪ੍ਰਭੂ ਦੀ ਆਗਿਆਕਾਰੀ ਹਮੇਸ਼ਾ ਸ਼ਰਤ ਜਾਂ ਆਧਾਰ ਸੀ ਜਿਸ ਦੇ ਉੱਤੇ ਵਾਇਦਾ ਕੀਤੇ ਹੋਏ ਦੇਸ ਉੱਤੇ ਇਸਰਾਏਲ ਦਾ ਕਬਜ਼ਾ ਟਿਕਿਆ ਹੁੰਦਾ ਸੀ।

ਕਨਾਨ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਇਸਰਾਏਲੀਆਂ ਨੂੰ ਬਾਰ-ਬਾਰ ਮੂਸਾ ਦੇ ਦੁਆਰਾ, ਚੇਤਾਵਨੀ ਦਿੱਤੀ ਗਈ ਸੀ ਕਿ, ਜੇਕਰ ਉਹ ਪਰਮੇਸ਼ੁਰ ਦੇ ਨੇਮ (ਜਿਸ ਵਿਚ ਦਸ ਹੁਕਮ ਵੀ ਸ਼ਾਮਲ ਸਨ) ਤੋਂ ਮੁੜ ਗਏ ਅਤੇ ਝੂਠੇ ਦੇਵਤਿਆਂ ਦੀ ਪੂਜਾ ਕੀਤੀ, ਤਾਂ ਉਹ ਉਸ ਧਰਤੀ ਨੂੰ ਗੁਆ ਲੈਣਗੇ (ਬਿਵਸਥਾ ਸਾਰ 6:10-15; 11:8, 9; 28:15-21, 36, 37, 58-65)। ਲੋਕਾਂ ਨੂੰ ਉਹ ਗੱਲਾਂ ਜੋ ਨਹੀਂ ਕਰਨੀਆਂ ਚਾਹੀਦੀਆਂ ਹਨ ਯਾਦ ਕਰਵਾਉਣ ਦੇ ਨਾਲ ਨਾਲ, ਮੂਸਾ ਨੇ ਪਰਮੇਸ਼ੁਰ ਦੇ ਵਾਇਦੇ ਦੇ ਸਾਕਾਰਾਤਮਕ ਪੱਖ ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੂੰ ਉਸ ਨੂੰ ਪਿਆਰ ਕਰਨਾ ਸੀ, ਉਸ ਦੀ ਆਵਾਜ਼ ਨੂੰ ਸੁਣਨਾ ਸੀ ਅਤੇ ਉਸ ਦੇ ਨਾਲ ਲਿਪਟੇ ਰਹਿਣਾ ਸੀ। ਮੂਸਾ ਨੇ ਕਿਹਾ, "ਕਿਉਂ ਜੋ ਉਹ ਤੁਹਾਡਾ ਜੀਵਨ ਅਤੇ ਤੁਹਾਡੇ ਦਿਨਾਂ ਦੀ ਲਮਾਨ ਹੈ ਤਾਂ ਜੋ ਤੁਸੀਂ ਉਸ ਜ਼ਮੀਨ ਵਿੱਚ ਵੱਸਿਆ ਕਰੋ ਜਿਹੜੀ ਯਹੋਵਾਹ ਨੇ ਤੁਹਾਡੇ ਪਿਉ ਦਾਦਿਆਂ ਅਰਥਾਤ ਅਬਰਾਹਾਮ, ਇਸਹਾਕ ਅਤੇ ਯਾਕੂਬ ਨੂੰ ਦੇਣ ਲਈ ਸੌਂਹ ਖਾਧੀ ਸੀ" (ਬਿਵਸਥਾ ਸਾਰ 30:20)।

**ਆਇਤ 16.** ਇਸ ਆਇਤ ਤੋਂ ਪਹਿਲਾਂ, ਅਬਰਾਹਾਮ ਦੀ "ਅੰਸ" ਦੇ ਸੰਬੰਧ ਵਿਚ ਅਸੀਂ ਜੋ ਬਿਆਨ ਵੇਖਿਆ ਹੈ ਉਹ ਆਮ ਹੈ। ਇੱਥੋਂ ਤੱਕ ਕਿ ਇੱਕ "ਵੱਡੀ ਕੌਮ" (12:2) ਦਾ ਵਾਇਦਾ ਵੀ ਪ੍ਰਾਚੀਨ ਸਮੇਂ ਵਿਚ ਉਨ੍ਹਾਂ ਮਹੱਤਵਪੂਰਣ ਨਹੀਂ ਸੀ ਕਿਉਂਕਿ ਮੁਕਾਬਲਤਨ ਇੱਕ ਛੋਟੇ ਸਮੂਹ ਨੂੰ ਉਨ੍ਹਾਂ ਸ਼ਬਦਾਂ ਦੇ ਵਿਚ ਵਿਚਾਰਿਆ ਜਾ ਸਕਦਾ ਹੈ। ਪਰ, ਪਰਮੇਸ਼ੁਰ ਨੇ ਇੱਥੇ ਇੱਕ ਉਦਾਹਰਣ ਦਾ ਇਸਤੇਮਾਲ ਕੀਤਾ ਹੈ ਤਾਂ ਕਿ ਪੁਰਖੇ ਦੀ ਅੰਸ ਨੂੰ ਇੱਕ ਵੱਡੀ ਸੰਖਿਆ ਵਿਚ ਪਰਗਟ ਕੀਤਾ ਜਾ ਸਕੇ: ਉਸ ਨੇ ਅਬਰਾਹਾਮ ਦੀ **ਅੰਸ** ਨੂੰ ਅਣਗਿਣਤ ਬਣਾਉਣ ਦੀ ਆਪਣੀ ਯੋਜਨਾ ਦੇ ਵਿਸ਼ੇ ਵਿਚ ਦੱਸਿਆ, **ਧਰਤੀ ਦੀ ਧੂੜ ਵਰਗੀ**, ਤਾਂ ਕਿ ਕੋਈ ਵੀ ਉਨ੍ਹਾਂ ਨੂੰ **ਗਿਣ** ਨਾ ਸਕੇ (ਵੇਖੋ 15:5; 22:17; 26:4; 28:14; 32:12)।

**ਆਇਤ 17.** ਪ੍ਰਭੂ ਨੇ ਅੱਗੇ ਅਬਰਾਹਾਮ ਨੂੰ ਕਿਹਾ **ਦੇਸ ਦੀ ਲੰਬਾਈ ਚੌੜਾਈ ਵਿਚ ਫਿਰ**, ਹੋ ਸਕਦਾ ਹੈ ਕਿ ਪ੍ਰਾਚੀਨ ਨੇੜਲੇ ਪੂਰਵ ਦੇ ਕੁਝ ਰਾਜਿਆਂ ਦੇ ਦੁਆਰਾ ਇਹ "ਮਾਲਕੀ ਦੇ ਸੰਕੇਤ" ਦੇ ਰੂਪ ਵਿਚ ਕੀਤਾ ਜਾਂਦਾ ਹੋਵੇ।[8] ਇਹ ਕਿਵੇਂ ਹੋਵੇਗਾ, ਪ੍ਰਭੂ ਨੇ ਇਸ ਦੀ ਵਿਆਖਿਆ ਨਹੀਂ ਕੀਤੀ। ਪੁਰਖੇ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਦੇਸ ਉੱਤੇ ਕਨਾਨੀਆਂ ਦਾ ਕਬਜ਼ਾ ਸੀ ਅਤੇ ਸਾਰਾਹ ਹੁਣ ਤੱਕ ਬਾਂਝ ਸੀ। ਉਹ ਸਿਰਫ ਇਹੀ ਕਰ ਸਕਦਾ ਸੀ ਕਿ ਪ੍ਰਭੂ ਦਾ ਇੰਤਜ਼ਾਰ ਕਰੇ ਅਤੇ ਵਿਸ਼ਵਾਸ ਵਿਚ ਚੱਲਦਾ ਜਾਵੇ।

**ਆਇਤ 18.** ਆਪਣੇ ਦਾਅਵੇ ਦਾ ਦੌਰਾ ਕਰਨ ਦੇ ਬਾਅਦ, **ਅਬਰਾਮ ਨੇ ਆਪਣਾ ਤੰਬੂ ਪੁੱਟਿਆ ਅਤੇ ਮਮਰੇ ਦਿਆਂ ਬਲੂਤਾਂ ਕੋਲ** ਜੋ ਨੇਗੇਵ ਵਿਚ, **ਹਬਰੋਨ**[9] ਤੋਂ ਲਗਭਗ ਦੋ ਮੀਲ ਦੂਰ ਸੀ ਜਾ ਵੱਸਿਆ (ਵੇਖੋ 23:19; 25:9)। ਮਮਰੇ ਦਾ ਨਾਮ ਇੱਕ ਅਮੋਰੀ ਦੇ ਨਾਮ ਤੇ ਰੱਖਿਆ ਗਿਆ ਸੀ (ਵੇਖੋ 14:13) ਜਿਸ ਨੇ, ਆਪਣੇ ਭਰਾਵਾਂ ਦੇ ਨਾਲ, ਬਾਅਦ ਵਿਚ ਮਸੋਪੋਤਾਮੀਆ ਦੇ ਚਾਰ ਰਾਜਿਆਂ ਨੂੰ ਹਰਾਉਣ ਅਤੇ ਲੂਤ ਅਤੇ ਸਦੂਮ ਦੇ ਲੋਕਾਂ ਨੂੰ ਬਚਾਉਣ ਵਿਚ ਅਬਰਾਹਾਮ ਦੀ ਮਦਦ ਕੀਤੀ ਸੀ (14:14-16)। ਹਾਲਾਂਕਿ ਅਬਰਾਹਾਮ ਨੇ ਕਨਾਨ ਦੇ ਮੂਰਤੀਪੂਜਕ ਲੋਕਾਂ ਦੇ ਵਿਚੋਂ ਬਹੁਤ ਸਾਰੇ ਚੰਗੇ ਮਿੱਤਰ ਬਣਾਏ, ਪਰ ਉਸ ਨੇ ਕਿਸੇ ਵੀ ਮੂਰਤੀਪੂਜਕ ਵੇਦੀ ਨੂੰ ਉਪਾਸਨਾ ਦੇ ਸਥਾਨ ਦੇ ਰੂਪ ਵਿਚ ਨਹੀਂ ਵੇਖਿਆ। ਪਰਮੇਸ਼ੁਰ ਦੀ ਉਪਾਸਨਾ ਕਰਨ ਦੇ ਲਈ ਕੋਈ ਕਨਾਨੀ ਸਥਾਨ ਦੀ ਖੋਜ ਕਰਨ ਦੀ ਬਜਾਇ, **ਉੱਥੇ ਉਸ ਨੇ ਇੱਕ ਜਗਵੇਦੀ ਯਹੋਵਾਹ ਲਈ ਬਣਾਈ** –

ਜਿਵੇਂ ਉਸ ਨੇ ਪਹਿਲਾਂ ਕਈ ਮੌਕਿਆਂ ਤੇ ਕੀਤਾ ਸੀ (12:7, 8)। ਅਸੀਂ ਇਹ ਮੰਨ ਸਕਦੇ ਹਾਂ ਕਿ ਉਹ ਪਰਮੇਸ਼ੁਰ ਦਾ ਧੰਨਵਾਦ ਕਰਨਾ ਚਾਹੁੰਦਾ ਸੀ ਕਿ ਉਸ ਇੰਨੀ ਬਹੁਤਾਇਤ ਦੇ ਨਾਲ ਬਰਕਤ ਦਿੱਤੀ ਸੀ ਅਤੇ ਉਸ ਦੇ ਨਾਲ ਬਹੁਤ ਸਾਰੀ ਸੰਤਾਨ ਦੇਣ ਦਾ ਵਾਇਦਾ ਕੀਤਾ ਸੀ ਜੋ ਵਾਇਦਾ ਕੀਤੀ ਧਰਤੀ ਤੇ ਕਬਜ਼ਾ ਕਰੇਗੀਅਤੇ ਉੱਥੇ ਵਧੇਗੀ ਅਤੇ ਖੁਸ਼ਹਾਲ ਹੋਵੇਗੀ।

# ਪ੍ਰਾਸੰਗਿਕਤਾ

**ਬਰਕਤਾਂ ਦੇ "ਖਤਰੇ" (ਅਧਿਆਇ 13)**

ਪਰਮੇਸ਼ੁਰ ਦੇ ਭਰਪੂਰ ਇੰਤਜ਼ਾਮ ਬਰਕਤਾਂ ਜਾਂ ਸਰਾਪਾਂ ਵੱਲ ਅਗਵਾਈ ਕਰ ਸਕਦੇ ਹਨ। ਇਕਦਮ ਸ਼ੁਰੂਆਤ ਤੋਂ ਪਰਮੇਸ਼ੁਰ ਸਿਰਫ ਆਪਣੇ ਲੋਕਾਂ ਨੂੰ ਬਰਕਤ ਦੇਣੀ ਚਾਹੁੰਦਾ ਸੀ। ਉਸ ਨੇ ਉਨ੍ਹਾਂ ਨੂੰ ਭਰਪੂਰ ਖੁਸ਼ਹਾਲੀ ਦੇ ਕੇ, ਉਨ੍ਹਾਂ ਦੀਆਂ ਸਭ ਲੋੜਾਂ ਪੂਰੀਆਂ ਕੀਤੀਆਂ। ਉਸ ਨੇ ਇੱਕ ਸੁੰਦਰ ਸੰਸਾਰ ਬਣਾਇਆ ਅਤੇ ਆਦਮ ਅਤੇ ਹੱਵਾਹ ਨੂੰ ਇੱਕ ਸਿੱਧ ਵਾਤਾਵਰਣ ਦੇ ਵਿਚ ਰੱਖਿਆ: ਇੱਕ ਬਾਗ਼ ਫ਼ਿਰਦੌਸ ਜੋ ਸਰੀਰਕ ਜੀਵਨ ਨੂੰ ਕਾਇਮ ਰੱਖਣ ਦੇ ਲਈ ਚੰਗੀ ਤਰ੍ਹਾਂ ਦੇ ਨਾਲ ਸਿੰਜਿਆ ਗਿਆ ਸੀ ਅਤੇ ਭੋਜਨ ਦੇ ਹਰੇਕ ਕਿਸਮ ਦੇ ਪੌਦਿਆਂ ਅਤੇ ਦਰਖੱਤਾਂ ਦੇ ਨਾਲ ਭਰਪੂਰ ਸੀ। ਉਨ੍ਹਾਂ ਨੂੰ ਸਿਰਫ ਇੱਕ ਦਰਖੱਤ ਦਾ ਫਲ ਖਾਣ ਦੀ ਮਨਾਹੀ ਸੀ: ਭਲੇ ਤੇ ਬੁਰੇ ਦੇ ਪਛਾਣ ਦਾ ਰੁੱਖ, ਜਿਸ ਦੇ ਵਿਸ਼ੇ ਵਿਚ ਪਰਮੇਸ਼ੁਰ ਨੇ ਚੇਤਾਵਨੀ ਦਿੱਤੀ ਸੀ ਕਿ ਉਹ ਮੌਤ ਨੂੰ ਲਿਆਵੇਗਾ। ਪਰ, ਸੱਪ ਨੇ ਸੰਕੇਤ ਕੀਤਾ ਕਿ ਅਸਲ ਵਿਚ ਪਰਮੇਸ਼ੁਰ ਨੇ ਉਹ ਕੰਮ ਨਹੀਂ ਕੀਤਾ ਹੈ ਜੋ ਆਦਮ ਅਤੇ ਹੱਵਾਹ ਦੇ ਲਈ ਸਭ ਤੋਂ ਵਧੀਆ ਹੈ। ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਪਰਮੇਸ਼ੁਰ ਉਨ੍ਹਾਂ ਨੂੰ ਸਭ ਤੋਂ ਪਰਮ ਬਰਕਤ ਦੇਣ ਤੋਂ ਇਨਕਾਰ ਕਰ ਰਿਹਾ ਸੀ। ਉਹ ਪਰਮੇਸ਼ੁਰ ਦੇ ਸਮਾਨ ਬਣਨਾ ਚਾਹੁੰਦੇ ਸਨ; ਉਹ ਬੁੱਧ, ਸ਼ਕਤੀ ਅਤੇ ਪਰਮ ਖੁਸ਼ਹਾਲੀ ਚਾਹੁੰਦੇ ਸਨ ਜੋ ਉਸ ਦੇ ਨਾਲ ਹੋਵੇ ਅਤੇ ਕਿਸੇ ਵੀ ਚੀਜ਼ ਦੀ ਕੋਈ ਕਮੀ ਨਾ ਹੋਵੇ।

ਬੇਸ਼ੱਕ, ਪ੍ਰਭੂ ਜਾਣਦਾ ਸੀ ਕਿ ਮਨੁੱਖ, ਇੱਕ ਸਰੀਰਕ ਪ੍ਰਾਣੀ ਦੇ ਰੂਪ ਵਿਚ, ਕਦੀ ਵੀ ਪਰਮੇਸ਼ੁਰ ਨਹੀਂ ਬਣ ਸਕਦਾ, ਜਿਸ ਦੇ ਕੋਲ ਸਾਰੀਆਂ ਬਰਕਤਾਂ ਹੋਣ। ਇੱਥੋਂ ਤੱਕ ਕਿ ਜੇਕਰ ਇਹ ਸੰਭਵ ਵੀ ਹੋਵੇ, ਤਾਂ ਵੀ ਭੌਤਿਕ ਧਨ-ਦੌਲਤ ਅਤੇ ਬਰਕਤਾਂ ਕਦੀ ਵੀ ਸਥਾਈ ਸੁੱਖ, ਸੰਤੁਸ਼ਟੀ, ਜਾਂ ਤੰਦਰੁਸਤੀ ਨਹੀਂ ਲਿਆ ਸਕਦੇ। ਇਸ ਦੇ ਉਲਟ, ਮਨੁੱਖ ਦਾ ਸੁਭਾਅ ਇਹ ਹੈ ਕਿ ਜਿਸ ਦੇ ਕੋਲ ਜਿੰਨਾ ਜ਼ਿਆਦਾ ਹੁੰਦਾ ਹੈ ਉਹ ਉਨ੍ਹਾਂ ਹੀ ਹੋਰ ਚਾਹੁੰਦਾ ਹੈ। ਭੌਤਿਕ ਬਰਕਤਾਂ ਦੇ ਲਈ ਮਨੁੱਖ ਦੀ ਪਿਆਸ ਕਦੀ ਵੀ ਬੁੱਝਦੀ ਨਹੀਂ ਹੈ। ਧਨ ਅਤੇ ਦੌਲਤ ਦੇ ਸੰਬੰਧ ਵਿਚ ਇਹ ਜ਼ਰੂਰੀ ਨਹੀਂ ਹੈ ਕਿ ਉਹ ਸਦਾ ਬੁਰੇ ਹੀ ਹੁੰਦੇ ਹਨ; ਅਸਲ ਵਿਚ, ਉਹ ਚੰਗੇ ਹੋ ਸਕਦੇ ਹਨ ਜੇਕਰ ਉਨ੍ਹਾਂ ਦਾ ਇਸਤੇਮਾਲ ਆਪਣੇ ਪਰਿਵਾਰ ਦੀ ਦੇਖਭਾਲ ਕਰਨ ਜਾਂ ਦੂਜਿਆਂ ਦੇ ਜੀਵਨਾਂ ਨੂੰ ਬਰਕਤ ਦੇਣ ਦੇ ਲਈ ਕੀਤਾ ਜਾਵੇ ਜੋ ਘੱਟ ਕਿਸਮਤ ਵਾਲੇ ਹਨ। ਪਰ, ਧਨ ਅਤੇ ਸੰਪਤੀ ਖਤਰਨਾਕ ਹੈ ਕਿਉਂਕਿ ਹਮੇਸ਼ਾ ਉਸ ਦੇ ਨਾਲ ਮੋਹ ਵਿਚ ਫਸ ਜਾਣ ਦਾ, ਉਨ੍ਹਾਂ ਦੇ ਦੁਆਰਾ ਆਪ-ਸੁਆਰਥੀ ਹੋਣ ਦਾ ਅਤੇ ਪ੍ਰਮੁੱਖ ਤੌਰ ਤੇ ਜੋ ਕੋਈ ਖਰੀਦ ਜਾਂ ਰੱਖ ਸਕਦਾ ਹੈ ਉਸੇ ਦੇ ਲਈ ਜੀਉਣਾ।

ਪੈਸੇ ਦਾ ਲੋਭ ਬਹੁਤ ਸਾਰੇ ਪਰਿਵਾਰਾਂ ਵਿਚ ਝਗੜਿਆਂ ਦਾ ਅਤੇ ਇੱਥੋਂ ਤੱਕ ਕਿ ਘਰਾਂ ਦੇ ਟੁੱਟਣ ਦਾ ਕਾਰਣ ਹੋਇਆ ਹੈ ਕਿਉਂਕਿ ਲੋਕਾਂ ਦੀਆਂ ਤਰਜੀਹਾਂ ਸਹੀ ਨਹੀਂ ਹੁੰਦੀਆਂ ਹਨ। ਲੋਕਾਂ ਨੇ ਹੋਰ ਵਧੇਰੇ ਧਨ ਅਤੇ ਸ਼ਕਤੀ ਨੂੰ ਹਾਸਲ ਕਰਨ ਦੇ ਲਈ ਜੋ ਇਸ ਦੇ ਨਾਲ ਆਉਂਦੀ ਹੈ ਆਪਣੀਆਂ ਜ਼ਿੰਦਗੀਆਂ ਬਰਬਾਦ ਕਰ ਲਈਆਂ ਹਨ; ਉਹ ਇਸ ਗੱਲ ਦੀ ਪਰਵਾਹ ਨਹੀਂ ਕਰਦੇ

ਕਿ ਆਪਣੇ ਨਿਸ਼ਾਨਿਆਂ ਨੂੰ ਹਾਸਲ ਕਰਨ ਦੇ ਲਈ ਉਹ ਕਿੰਨੇ ਬੁਰੇ ਅਤੇ ਅਨੈਤਿਕ ਕੰਮ ਕਰਦੇ ਹਨ। ਨੇਤਾਵਾਂ ਦੀ ਧਨ ਅਤੇ ਸ਼ਕਤੀ ਪਾਉਣ ਦੀ ਪਿਆਸ ਨਾ ਬੁੱਝਣ ਵਾਲੀ ਹੁੰਦੀ ਹੈ ਇਸ ਲਈ ਹਜ਼ਾਰਾਂ ਹਜ਼ਾਰਾਂ ਲੋਕ ਯੁੱਧਾਂ ਵਿਚ ਮਾਰੇ ਗਏ ਸਨ।

ਪੌਲੁਸ ਨੇ ਤਿਮੋਥਿਉਸ ਨੂੰ ਯਾਦ ਦਿਵਾਇਆ, "ਕਿਉਂ ਜੋ ਅਸਾਂ ਜਗਤ ਵਿੱਚ ਨਾਲ ਕੁਝ ਨਹੀਂ ਲਿਆਂਦਾ ਅਤੇ ਨਾ ਅਸੀਂ ਓਸ ਵਿੱਚੋਂ ਕੁਝ ਲੈ ਜਾ ਸੱਕਦੇ ਹਾਂ। ਪਰ ਜਦੋਂ ਸਾਨੂੰ ਭੋਜਨ ਬਸਤਰ ਮਿਲਿਆ ਹੋਇਆ ਹੈ ਤਾਂ ਸਾਡੇ ਲਈ ਇਹੋ ਬਥੇਰਾ ਹੈ" (1 ਤਿਮੋਥਿਉਸ 6:7, 8)। ਰਸੂਲ ਨੇ ਧਨ ਦੇ ਖਤਰੇ ਦੇ ਵਿਸ਼ੇ ਵਿਚ ਦੱਸਦੇ ਹੋਏ ਕਿਹਾ (1 ਤਿਮੋਥਿਉਸ 6:9)। ਉਸ ਨੇ ਅੱਗੇ ਕਿਹਾ ਕਿ ਇਹ ਸਿਰਫ ਪੈਸਾ ਹੀ ਨਹੀਂ ਹੈ ਜੋ ਲੋਕਾਂ ਦੇ ਜੀਵਨਾਂ ਨੂੰ ਤਬਾਹ ਅਤੇ ਬਰਬਾਦ ਕਰਦਾ ਹੈ, ਪਰ "ਮਾਇਆ ਦਾ ਲੋਭ।" ਮਾਇਆ ਦਾ ਲੋਭ "ਹਰ ਪਰਕਾਰ ਦੀਆਂ ਬੁਰਿਆਈਆਂ ਦੀ ਜੜ੍ਹ ਹੈ ਅਤੇ ਕਈ ਲੋਕ ਉਹ ਨੂੰ ਲੋਚਦਿਆਂ ਨਿਹਚਾ ਦੇ ਰਾਹੋਂ ਘੁੱਥ ਗਏ ਅਤੇ ਆਪਣੇ ਆਪ ਨੂੰ ਅਨੇਕ ਗਮਾਂ ਦਿਆਂ ਤੀਰਾਂ ਨਾਲ ਵਿੰਨ੍ਹਿਆ ਹੈ" (1 ਤਿਮੋਥਿਉਸ 6:10; ਵੇਖੋ ਮੱਤੀ 6:19-24; ਲੂਕਾ 12:15-21; 1 ਯੂਹੰਨਾ 2:15-17)। ਯੁੱਧ, ਸ਼ਕਤੀ, ਧਨ ਅਤੇ ਜਾਇਦਾਦ ਨਾਲ ਪਿਆਰ ਵਿਚ ਡਿੱਗਣ ਦਾ ਖ਼ਤਰਾ ਇਹੋ ਜਿਹੇ ਪਰਤਾਉਣ ਵਾਲੀ ਸਥਿਤੀ ਹੈ ਜਿਸ ਦਾ ਸਾਹਮਣਾ ਅਬਰਾਹਾਮ ਅਤੇ ਲੂਤ ਨੂੰ ਅਧਿਆਇ 13 ਦੇ ਸ਼ੁਰੂ ਵਿਚ ਹੀ ਕਰਨਾ ਪਿਆ ਸੀ।

*ਧਨ ਅਤੇ ਜਾਇਦਾਦ ਝਗੜੇ ਦਾ ਕਾਰਣ ਹੋ ਸਕਦੇ ਹਨ* (13:1-7)। ਜਦੋਂ ਅਬਰਾਹਾਮ ਮਿਸਰ ਤੋਂ ਮੁੜਿਆ, ਤਾਂ ਉਹ ਸੱਚਮੁੱਚ ਇੱਕ ਅਮੀਰ ਆਦਮੀ ਸੀ। ਅਸੀਂ ਜਾਣਦੇ ਹਾਂ ਕਿ ਜਦੋਂ ਉਹ ਹਾਰਾਨ ਤੋਂ ਕਨਾਨ ਨੂੰ ਜਾਣ ਦੇ ਲਈ ਤੁਰਿਆ ਤਾਂ ਉਹ ਪਹਿਲਾਂ ਤੋਂ ਹੀ ਪਸ਼ੂਧਨ ਅਤੇ ਨੌਕਰਾਂ ਦੇ ਕਾਰਣ ਧਨੀ ਸੀ, ਕਿਉਂਕਿ ਉਸ ਦੇ ਕੋਲ ਯੁੱਧ ਕਰਨ ਦੇ ਲਈ 318 ਆਦਮੀ ਸਨ ਜੋ ਉਸੇ ਦੇ ਘਰ ਵਿਚ ਪੈਦਾ ਹੋਏ ਸਨ (14:14)। ਭਾਵੇਂ ਉਸ ਨੇ ਫ਼ਿਰਾਊਨ ਦੇ ਮਨ ਵਿਚ ਇਹ ਸੋਚ ਪਾ ਕੇ ਕਿ ਸਾਰਾਹ ਉਸ ਦਾ ਭੈਣ ਹੈ ਪਤਨੀ ਨਹੀਂ, ਧੋਖਾ ਦਿੱਤਾ, ਫਿਰ ਵੀ ਰਾਜੇ ਨੇ ਉਸ ਨੂੰ ਇਜਾਜ਼ਤ ਦੇ ਦਿੱਤੀ ਕਿ ਜਦੋਂ ਉਹ ਮਿਸਰ ਨੂੰ ਛੱਡੇ, ਤਾਂ ਉਹ ਪਸ਼ੂ ਅਤੇ ਨੌਕਰ (ਆਦਮੀ ਅਤੇ ਇਸਤਰੀ) ਅਤੇ ਸੋਨਾ ਅਤੇ ਚਾਂਦੀ ਆਪਣੇ ਨਾਲ ਲੈ ਜਾਵੇ (12:16, 20)। ਮੂਲਲਿਖਤ ਕਹਿੰਦੀ ਹੈ ਕਿ ਅਬਰਾਹਾਮ ਕਨਾਨ ਨੂੰ ਮੁੜਣ ਦੇ ਸਮੇਂ "ਵੱਡਾ ਧਨ ਮਾਲ ਵਾਲਾ" ਸੀ (13:1, 2)।

ਕਈ ਸਾਲਾਂ ਤੋਂ ਲੂਤ ਵੀ ਉਸੇ ਤਰ੍ਹਾਂ ਬਹੁਤ ਹੀ ਮਾਲ ਧਨ ਵਾਲਾ ਹੋ ਗਿਆ ਸੀ। ਜਦੋਂ ਉਹ ਮਿਸਰ ਤੋਂ ਮੁੜਿਆ, ਤਾਂ ਉਸ ਦੇ ਕੋਲ ਵੀ "ਇੱਜੜ ਅਰ ਗਾਈਆਂ ਬਲਦ ਅਰ ਤੰਬੂ ਸਨ" (13:5)। ਸ਼ਬਦ "ਤੰਬੂ" ਦਾ ਅਰਥ ਹੈ ਕਿ ਉਸ ਦੇ ਕੋਲ ਬਹੁਤ ਸਾਰੇ ਨੌਕਰ-ਪਾਲੀ ਸਨ ਜੋ ਉਸ ਦੇ ਪਸ਼ੂ ਦਾ ਸੇਵਾ ਕਰਦੇ ਅਤੇ ਉਸ ਦੇ ਮਾਲ ਧਨ ਦੀ ਰਾਖੀ ਕਰਦੇ ਸਨ। ਦਰਅਸਲ, ਦੋਵਾਂ ਆਦਮੀਆਂ ਦੇ ਝੁੰਡ ਅਤੇ ਵੱਗ ਇੰਨੇ ਜ਼ਿਆਦਾ ਸਨ ਕਿ "ਉਸ ਦੇਸ ਨੇ ਉਨ੍ਹਾਂ ਨੂੰ ਨਾ ਝੱਲਿਆ ਕਿ ਓਹ ਇਕੱਠੇ ਰਹਿਣ" (13:6)। ਇਸ ਕਾਰਣ "ਅਬਰਾਮ ਦੇ ਪਾਲੀਆਂ ਅਤੇ ਲੂਤ ਦੇ ਪਾਲੀਆਂ ਵਿੱਚ ਝਗੜਾ ਪੈ ਗਿਆ" (13:7)। ਇੱਕ ਕਾਰਣ ਸ਼ਾਇਦ ਇਹ ਵੀ ਹੋ ਸਕਦਾ ਹੈ ਕਿ ਚਰਾਂਦਾਂ ਦੇ ਲਈ ਜੋ ਜ਼ਮੀਨ ਸੀ ਉਹ ਕਨਾਨੀਆਂ ਅਤੇ ਪਰਿੱਜੀਆਂ ਦੇ ਦੁਆਰਾ ਸੀਮਿਤ ਕੀਤਾ ਗਿਆ ਸੀ, ਜਿਨ੍ਹਾਂ ਨੇ ਉਸ ਸਮੇਂ ਜ਼ਿਆਦਾਤਰ ਦੇਸ ਦੇ ਉੱਤੇ ਕਬਜ਼ਾ ਕਰ ਲਿਆ ਸੀ (13:7)।

ਅਬਰਾਹਾਮ ਅਤੇ ਲੂਤ ਨੂੰ ਇੱਕ ਗੰਭੀਰ ਝਗੜੇ ਦਾ ਸਾਹਮਣਾ ਕਰਨਾ ਪਿਆ ਸੀ ਜੋ ਪਾਣੀ ਅਤੇ ਭੋਜਨ ਤੋਂ ਪੈਦਾ ਹੋਇਆ ਸੀ, ਜਿਸ ਨੇ ਉਨ੍ਹਾਂ ਭੇਡਾਂ ਬੱਕਰੀਆਂ ਅਤੇ ਵੱਗਾਂ ਦੇ ਮਾਲ, ਦੇ ਨਾਲ ਨਾਲ ਪਾਲੀਆਂ ਅਤੇ ਪਰਿਵਾਰਾਂ ਨੂੰ ਜੋਖਿਮ ਵਿਚ ਪਾ ਦਿੱਤਾ ਸੀ। ਮੂਲ ਲਿਖਤ ਇਹ ਨਹੀਂ ਦੱਸਦੀ ਕਿ, ਦੋਵੇਂ ਕਿਸ ਹੱਦ ਤੱਕ ਵਿਅਕਤੀਗਤ ਤੌਰ ਤੇ ਝਗੜੇ ਦੇ ਵਿਚ ਸ਼ਾਮਲ ਸਨ; ਪਰ ਜੇਕਰ ਟਾਕਰਾ ਹਿੰਸਕ ਹੋ ਗਿਆ ਹੁੰਦਾ ਤਾਂ ਇਸ ਸਥਿਤੀ ਦੇ ਵਿਨਾਸ਼ਕਾਰੀ ਪਰਿਣਾਮ ਹੋ ਸਕਦੇ ਸਨ।

ਦੋ ਵਿਦੇਸੀ ਸਮੂਹਾਂ ਦੇ ਵਿਚਕਾਰ ਦੁਸ਼ਮਣੀ ਨੇ ਹਿੱਤੀਆਂ ਅਤੇ ਪਰਿੱਜੀਆਂ ਦੁਆਰਾ ਹਮਲਾ ਕੀਤੇ ਜਾਣ ਦੇ ਲਈ ਇੱਕ ਦੂਜੇ ਨੂੰ ਬਹੁਤ ਕਮਜ਼ੋਰ ਬਣਾ ਦਿੱਤਾ ਹੋਵੇਗਾ। ਸੰਭਾਵਿਤ ਦੁਸ਼ਮਣਾਂ ਦੇ ਵਿਰੁੱਧ ਸੰਯੁਕਤ ਮੋਰਚੇ ਤੋਂ ਬਿਨਾਂ ਉਹ ਅਰਾਮ ਦੇ ਨਾਲ ਹਾਰ ਸਕਦੇ ਸਨ।

"ਝਗੜਾ" ਇੱਕ ਸਰੀਰਕ ਕੰਮ ਹੈ, ਜੋ ਸਰੀਰ ਦੇ ਕੰਮਾਂ "ਵੈਰ," "ਹਸਦ," ਅਤੇ "ਕ੍ਰੋਧ" ਦੇ ਨਾਲ ਸੂਚੀਬੱਧ ਹੈ (ਗਲਾਤੀਆਂ 5:20)। ਇਹ ਵਿਸ਼ੇਸ਼ਤਾਵਾਂ ਆਤਮਾ ਦੇ ਫਲਾਂ ਦੇ ਇਕਦਮ ਉਲਟ ਹਨ (ਗਲਾਤੀਆਂ 5:22, 23), ਜਿਨ੍ਹਾਂ ਵਿਚੋਂ ਪ੍ਰੇਮ ਉੱਤਮ ਹੈ। ਬੁੱਧੀਮਾਨ ਮਨੁੱਖ ਨੇ ਕਹਾਉਤਾਂ ਦੀ ਕਿਤਾਬ ਵਿਚ ਇੱਕੋ ਜਿਹੀ ਗੱਲ ਕਹੀ ਹੈ, ਜਦੋਂ ਉਸ ਨੇ ਕਿਹਾ, "ਵੈਰ ਝਗੜੇ ਛੇੜਦਾ ਹੈ, ਪਰੰਤੂ ਪ੍ਰੇਮ ਸਭਨਾਂ ਅਪਰਾਧਾਂ ਨੂੰ ਢੱਕ ਲੈਂਦਾ ਹੈ (ਕਹਾਉਤਾਂ 10:12) ਅਤੇ "ਲੋਭੀ ਪੁਰਸ਼ ਝਗੜਾ ਛੇੜਦਾ ਹੈ, ਪਰ ਜਿਹੜਾ ਯਹੋਵਾਹ ਉੱਤੇ ਭਰੋਸਾ ਰੱਖਦਾ ਹੈ ਉਹ ਮੋਟਾ ਕੀਤਾ ਜਾਵੇਗਾ" (ਕਹਾਉਤਾਂ 28:25)। ਲਿਖਤਾਂ ਸਪੱਸ਼ਟ ਸਿਖਾਉਂਦੀਆਂ ਹਨ ਕਿ ਈਰਖਾ, ਨਫ਼ਰਤ ਅਤੇ ਗੁੱਸੇ ਜਿਹੇ ਸਰੀਰਕ ਪਾਪਾਂ ਦਾ ਕਾਰਣ ਪ੍ਰੇਮ ਦੀ ਕਮੀ ਹੈ; ਇਹੋ ਜਿਹੇ ਰਵੱਈਏ ਝਗੜੇ ਅਤੇ ਸਾਰੇ ਮਨੁੱਖੀ ਰਿਸ਼ਤਿਆਂ ਦੇ ਵਿਘਨ ਦਾ ਕਾਰਣ ਬਣਦੇ ਹਨ।

*ਜੋ ਲੋਕ ਵਿਸ਼ਵਾਸ ਦੇ ਨਾਲ ਚੱਲਦੇ ਹਨ ਉਹ ਆਪਣੇ ਕੰਮਾਂ ਦੇ ਦੁਆਰਾ ਖੁੱਲ੍ਹਦਿਲੇ ਸੁਭਾਅ ਵਾਲੇ ਹੋ ਸਕਦੇ ਹਨ* (13:8, 9)। ਅਬਰਾਹਾਮ ਦੇ ਪਰੇਸ਼ਾਨ ਕਰਨ ਵਾਲੇ ਸੁਭਾਅ ਦੀ ਬਜਾਇ ਸ਼ਾਂਤੀ ਬਣਾਈ ਰੱਖਣ ਵਾਲਾ ਬਣਨ ਦਾ ਫ਼ੈਸਲਾ ਕੀਤਾ, ਪਰ ਉਸ ਦਾ ਫ਼ੈਸਲਾ ਮਹਿੰਗਾ ਪਿਆ ਸੀ। ਲੂਤ ਦਾ ਚਾਚਾ ਹੋਣ ਦੇ ਨਾਤੇ, ਜੋ ਉਸ ਦੇ ਮਰ ਚੁੱਕੇ ਭਰਾ ਹਾਰਾਨ ਦਾ ਭਰਾ ਸੀ, ਉਹ ਉਸ ਦੇ ਪਿਤਾ ਦਾ ਸਥਾਨ ਰੱਖਦਾ ਸੀ। ਭਾਵੇਂ ਇਸ ਅਹੁਦੇ ਨੇ ਉਸ ਨੂੰ ਉਸ ਦੇਸ ਦੇ ਉਸ ਭਾਗ ਦੀ ਚੋਣ ਕਰਨ ਦਾ ਅਧਿਕਾਰ ਦਿੱਤਾ ਸੀ ਜਿਸ ਵਿਚ ਉਹ ਅਤੇ ਉਸ ਦਾ ਦਲ ਰਹਿ ਸਕੇ, ਅਬਰਾਹਾਮ ਨੇ ਇੱਕ ਅਣਸੁਣਿਆ ਕੰਮ ਕੀਤਾ; ਉਸ ਨੇ ਆਪਣੇ ਪਹਿਲੀ ਚੋਣ ਦੇ ਅਧਿਕਾਰ ਨੂੰ ਤਿਆਗ ਕੇ, ਖੁੱਲ੍ਹਦਿਲੀ ਦੇ ਨਾਲ ਲੂਤ ਨੂੰ ਚੁਣਨ ਦੀ ਇਜਾਜ਼ਤ ਦੇ ਦਿੱਤੀ।

ਜਦੋਂ ਅਬਰਾਹਾਮ ਨੇ ਕਿਹਾ, "ਮੇਰੇ ਅਰ ਤੇਰੇ . . . ਝਗੜਾ ਨਹੀਂ ਹੋਣਾ ਚਾਹੀਦਾ" (13:8), ਉਹ ਸ਼ਬਦ ਜਿਸ ਦਾ ਅਨੁਵਾਦ "ਝਗੜਾ" ਕੀਤਾ ਗਿਆ ਹੈ ਉਹ מְרִיבָה (*ਮਰੀਬਾਹ*) ਹੈ। ਬਾਅਦ ਦੇ ਇਸਰਾਏਲੀ ਦਰਸ਼ਕਾਂ ਦੇ ਲਈ ਇਸ ਸ਼ਬਦ ਦਾ ਵਿਸ਼ੇਸ਼ ਮਹੱਤਵ ਰਿਹਾ ਹੋਵੇਗਾ ਕਿਉਂਕਿ ਜਦੋਂ ਉਜਾੜ ਵਿਚ ਪੀਣ ਦੇ ਲਈ ਪਾਣੀ ਨਹੀਂ ਸੀ ਤਾਂ ਕੀ ਹੋਇਆ ਸੀ। ਕੂਚ 17:7 ਕਹਿੰਦੀ ਹੈ ਕਿ ਲੋਕਾਂ ਨੇ ਆਪਣੇ "ਘੁਰਕਣ" (רִיב, *ਰਿਬ)* ਜਾਂ ਮੂਸਾ ਦੇ ਵਿਰੁੱਧ ਝਗੜਾ ਕਰਨ ਦੇ ਦੁਆਰਾ ਪਰਮੇਸ਼ੁਰ ਨੂੰ ਪਰਖਿਆ। *ਮਰੀਬਾਹ* ਇਹ ਪਰਮੇਸ਼ੁਰ ਦੇ ਨਾਲ ਇਸਰਾਏਲ ਦੇ ਝਗੜੇ ਦੇ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ। ਇੱਕ ਕਠੋਰ ਵਿਵਾਦ ਜਾਂ ਉਸ ਦੇ ਨਾਲ ਸਖਤ ਝਗੜੇ ਦਾ ਵਿਚਾਰ ਦਿੰਦਾ ਹੈ। ਜ਼ਬੂਰਾਂ ਦੇ ਲਿਖਣ ਵਾਲੇ ਨੇ ਕਿਹਾ ਕਿ ਆਪਣੇ ਦਿਲਾਂ ਦੀ ਕਠੋਰਤਾ ਦੇ ਕਾਰਣ ਉਨ੍ਹਾਂ ਨੇ ਅਜਿਹਾ ਕੀਤਾ ਸੀ (ਜ਼ਬੂਰਾਂ 95:8)। ਅਬਰਾਹਾਮ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਉਸ ਦੇ ਪਾਲੀਆਂ ਅਤੇ ਲੂਤ ਦੇ ਪਾਲੀਆਂ ਵਿਚਲਾ ਝਗੜਾ ਹਿੰਸਾ ਦਾ ਰੂਪ ਧਾਰ ਸਕਦਾ ਹੈ, ਇਸ ਲਈ ਉਸ ਨੇ ਇਸ ਤਰ੍ਹਾਂ ਦੀ ਘਟਨਾ ਤੋਂ ਬਚਣ ਦੇ ਲਈ ਤੁਰੰਤ ਕਦਮ ਚੁੱਕਿਆ।

ਅਬਰਾਹਾਮ ਨੇ ਇਹ ਤੈਅ ਕਰ ਲਿਆ ਕਿ ਆਪਣੀ ਦਿਲਚਸਪੀ ਅਤੇ ਆਪਣੇ ਹੀ ਤਰੀਕੇ ਦੇ ਨਾਲ ਕੰਮ ਕਰਨ ਦੀ ਬਜਾਇ ਭਾਈਆਂ ਦੇ ਵਿਚਕਾਰ ਸ਼ਾਂਤੀ ਵਧੇਰੇ ਮਹੱਤਵਪੂਰਣ ਹੈ। ਇਹ ਉਹੀ ਗੱਲ ਹੈ ਜੋ ਬਾਅਦ ਵਿਚ ਯਿਸੂ ਨੇ ਆਪਣੇ ਜੀਵਨ ਵਿਚ ਵਿਖਾਈ ਅਤੇ ਇਹ ਇੱਕ ਰਵੱਈਆ ਹੈ ਜਿਸ ਨੂੰ ਪੌਲੁਸ ਫ਼ਿਲਿੱਪੈ ਦੇ ਕੁਝ ਮਸੀਹੀ ਲੋਕਾਂ ਦੇ ਵਿਚਕਾਰ ਉਕਸਾਉਂਦਾ ਹੈ ਜੋ ਦਲਬੰਦੀ ਦੀ ਭਾਵਨਾ ਨਾਲ ਸੰਘਰਸ਼ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਇੱਕ

ਦੂਜੇ ਦੇ ਨਾਲ ਪਿਆਰ ਕਰੋ, ਇੱਕ ਮਤ ਹੋਵੋਅਤੇ “ਧੜੇਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ” (ਫ਼ਿਲਿੱਪੀਆਂ 2:3)। ਇਸ ਤੋਂ ਇਲਾਵਾ, ਉਸ ਨੇ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਕਿ ਮੁੱਖ ਤੌਰ ਤੇ “ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ” (ਫ਼ਿਲਿੱਪੀਆਂ 2:4)। ਉਸ ਨੇ ਇਹ ਕਹਿੰਦੇ ਹੋਏ ਕਿ ਮਸੀਹ ਨੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਵਰਗ ਵਿਚਲੇ ਆਪਣੇ ਵਿਸ਼ੇਸ਼ਅਧਿਕਾਰਾਂ, ਸ਼ਕਤੀਆਂ ਅਤੇ ਮਹਿਮਾ ਨੂੰ ਛੱਡ ਕੇ ਮਸੀਹ ਮਨੁੱਖ ਦਾ ਰੂਪ ਧਾਰ ਕੇ ਧਰਤੀ ਉੱਤੇ ਆਇਆ ਅਤੇ ਸਾਰੀ ਮਨੁੱਖ ਜਾਤੀ ਦੇ ਪਾਪਾਂ ਦੇ ਲਈ ਸਵੈ-ਇੱਛਾ ਦੇ ਨਾਲ ਸਲੀਬ ਉੱਤੇ ਮਰ ਗਿਆ ਯਿਸੂ ਨੂੰ ਨਿਮਰਤਾ ਅਤੇ ਨਿਰਸੁਆਰਥਤਾ ਦੀ ਪਰਮ ਮਿਸਾਲ ਵਜੋਂ ਪੇਸ਼ ਕੀਤਾ (ਫ਼ਿਲਿੱਪੀਆਂ 2:5-8; ਵੇਖੋ 1 ਯੂਹੰਨਾ 2:1, 2)।

*ਉਹ ਲੋਕ ਜੋ ਅੱਖਾਂ ਦੇ ਵੇਖਣ ਦੇ ਦੁਆਰਾ ਚੱਲਦੇ ਉਹ ਅਕਸਰ ਅਸਾਨੀ ਦੇ ਨਾਲ ਧੋਖਾ ਖਾਂਦੇ ਅਤੇ ਤ੍ਰਾਸਦੀ ਵਿਚ ਪੈ ਜਾਂਦੇ ਹਨ* (13:10-13)। ਅਬਰਾਹਾਮ ਦੀ ਤੁਲਨਾ ਵਿਚ ਲੂਤ ਇਕਦਮ ਦੂਸਰੇ ਕਿਸਮ ਦਾ ਵਿਅਕਤੀ ਸੀ; ਜਦਕਿ ਚਾਚਾ ਇੱਕ ਸ਼ਾਂਤੀ ਕਾਇਮ ਰੱਖਣ ਵਾਲਾ ਆਦਮੀ ਹੈ, ਭਤੀਜਾ ਵਧੇਰੇ ਮੁਸ਼ਕਲਾਂ ਨੂੰ ਪ੍ਰਸਤੁਤ ਕਰਨ ਵਾਲਾ ਹੈ। ਆਖਿਰਕਾਰ, ਆਪਣੇ ਜੀਵਨ ਦੇ ਬਾਕੀ ਦਿਨਾਂ ਵਿਚ ਉਹ ਜਿੱਥੇ ਵੀ ਗਿਆ ਉਸ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਲੂਤ ਬੁਰਾ ਨਹੀਂ ਸੀ; ਇਸ ਦੇ ਉਲਟ, ਉਸ ਨੂੰ ਸਦੂਮ ਦੇ ਦੁਸ਼ਟ ਲੋਕਾਂ ਦੀ ਤੁਲਨਾ ਵਿਚ “ਧਰਮੀ” ਕਿਹਾ ਗਿਆ ਹੈ (2 ਪਤਰਸ 2:7-9)। ਪਰ, ਲੂਤ ਨੇ ਬੁਰੇ ਫੈਸਲਿਆਂ ਦੀ ਇੱਕ ਲੜੀ ਬਣਾਈ ਅਤੇ ਉਨ੍ਹਾਂ ਦਾ ਕਾਰਣ ਇੱਕ ਵੰਡਿਆ ਹੋਇਆ ਦਿਲ ਸੀ। ਸਪੱਸ਼ਟ ਤੌਰ ਤੇ ਉਸ ਨੇ “ਪਰਮੇਸ਼ੁਰ ਅਤੇ ਮਾਯਾ” ਦੋਵਾਂ ਦੀ ਸੇਵਾ ਕਰਨ ਦੀ ਕੋਸ਼ਿਸ਼ ਕੀਤੀ ਸੀ (ਮੱਤੀ 6:24) ਅਤੇ ਨਤੀਜੇ ਵਜੋਂ ਉਹ “ਨੇਤਰਾਂ ਦੀ ਕਾਮਨਾ” ਦੇ ਅਧੀਨ ਹੋ ਗਿਆ (1 ਯੂਹੰਨਾ 2:16)।

ਲੂਤ ਦਾ ਅਜਿਹਾ ਮੁਲਾਂਕਣ ਸਟੀਕ ਹੋਣਾ ਚਾਹੀਦਾ ਹੈ, ਕਿਉਂਕਿ ਲਿਖਤ ਸਾਨੂੰ ਦੱਸਦੀ ਹੈ ਕਿ ਉਸ ਨੇ “ਆਪਣੀਆਂ ਅੱਖੀਆਂ ਚੁੱਕ ਕੇ ਯਰਦਨ ਦੇ ਸਾਰੇ ਮੈਦਾਨ ਨੂੰ ਵੇਖਿਆ ਕਿ ਉਹ ਸਾਰਾ ਮੈਦਾਨ . . . ਚੰਗਾ ਤਰ ਸੀ, ਉਹ ਯਹੋਵਾਹ ਦੇ ਬਾਗ਼ ਵਰਗਾ ਸੀ” (13:10)। ਜ਼ਮੀਨ ਦੀ ਉਪਜਾਊ ਸ਼ਕਤੀ ਇੰਨੀ ਜ਼ਿਆਦਾ ਸੀ ਕਿ ਉਹ ਇਸ ਦਾ ਵਿਰੋਧ ਕਰ ਸਕਦਾ, ਇਸ ਲਈ ਉਸ ਨੇ “ਸਦੂਮ ਕੋਲ ਆਪਣਾ ਤੰਬੂ ਲਾਇਆ” (13:12)। ਸਾਡੇ ਕੋਲ ਅਜਿਹਾ ਵਿਚਾਰ ਕਰਨ ਦਾ ਕੋਈ ਕਾਰਣ ਨਹੀਂ ਹੈ ਕਿ ਲੂਤ ਨੇ ਉਨ੍ਹਾਂ ਲੋਕਾਂ ਦੇ ਵਿਸ਼ੇ ਵਿਚ ਪੁੱਛ-ਤਾਛ ਕੀਤੀ ਸੀ ਜੋ ਯਰਦਨ ਦੀ ਘਾਟੀ ਵਿਚ ਰਹਿ ਰਹੇ ਸਨ ਜਾਂ ਕੀ ਉਹ ਵਾਤਾਵਰਣ ਵਿਸ਼ਵਾਸੀ ਲੋਕਾਂ ਦੇ ਲਈ ਵਿਰੁੱਧ ਸੀ ਜੋ ਧਾਰਮਿਕਤਾ ਦਾ ਜੀਵਨ ਜੀਉਣ ਦੀ ਕੋਸ਼ਿਸ਼ ਕਰਦਾ ਸਨ। ਇਸ ਬਿਰਤਾਂਤ ਤੋਂ ਪਤਾ ਲੱਗਦਾ ਹੈ ਕਿ ਉਹ ਆਤਮਿਕ ਤੌਰ ਤੇ ਖੋਖਲਾ ਸੀ ਅਤੇ ਉਸ ਨੇ ਜੋ ਵੇਖਿਆ ਸੀ ਉਸ ਦੇ ਪ੍ਰਤਿ ਬਹੁਤ ਹੀ ਉਤਸੁਕ ਸੀ: ਧਰਤੀ ਦਾ ਉਪਜਾਊਪਨ ਅਤੇ ਉਸ ਤੋਂ ਆਉਣ ਵਾਲੇ ਧਨ ਦੇ ਪ੍ਰਤਿ। ਉਸ ਨੇ ਕਿਸੇ ਵੀ ਖਤਰੇ ਬਾਰੇ ਸੋਚੇ ਬਿਨਾਂ ਜੋ ਉੱਥੇ ਲੁਕਿਆ ਹੋਇਆ ਹੋ ਸਕਦਾ ਹੈ, ਲੂਤ ਸੰਸਾਰਕ ਬੁੱਧ ਦੇ ਅਨੁਸਾਰ ਚੱਲਿਆ, ਜੋ “ਪ੍ਰਾਣਕ” ਹੋਣ ਦੇ ਕਾਰਣ ਝਗੜੇ ਦਾ ਕਾਰਣ ਹੁੰਦੀ ਹੈ (ਵੇਖੋ ਯਾਕੂਬ 3:13-16)। ਉਸ ਦੀ ਚੋਣ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਤਬਾਹੀ ਵੱਲ ਲੈ ਗਈ (19:1-38)।

ਮੁੱਢਲੇ ਤੌਰ ’ਤੇ ਆਪਣੇ ਸੁਆਰਥ ਨਾਲ ਭਰਿਆ ਹੋਇਆ ਲੂਤ ਅਦਨ ਦੇ ਬਾਗ ਵਿਚਲੇ ਪਹਿਲੇ ਮਨੁੱਖੀ ਜੋੜੇ ਵਰਗਾ ਸੀ। ਹਾਲਾਂਕਿ ਪਰਮੇਸ਼ੁਰ ਨੇ ਆਦਮ ਨੂੰ ਚਿਤਾਉਣੀ ਦਿੱਤੀ ਸੀ ਕਿ ਉਹ ਭਲੇ ਅਤੇ ਬੁਰੇ ਦੇ ਗਿਆਨ ਦੇ ਬਿਰਛ ਦੇ ਫਲ ਨੂੰ ਨਾ ਖਾਵੇ ਅਤੇ ਆਦਮ ਨੇ ਹੱਵਾਹ ਨੂੰ ਮੌਤ ਦੇ ਖਤਰੇ ਬਾਰੇ ਦੱਸਿਆ ਸੀ, ਤਾਂ ਵੀ ਵਰਜਿਆ ਗਿਆ ਫਲ ਐਨਾ ਲੁਭਾਉਣਾ ਲੱਗ ਰਿਹਾ ਸੀ ਕਿ

ਉਹ ਆਪਣੇ ਆਪ ਨੂੰ ਰੋਕ ਨਾ ਸਕੀ। ਅਤੇ ਨਾ ਹੀ ਆਦਮ ਆਪਣੇ ਆਪ ਨੂੰ ਰੋਕ ਸਕਿਆ (3:6)। ਇਸ ਮਸਲੇ ਬਾਰੇ ਉਨ੍ਹਾਂ ਨੇ ਪਰਮੇਸ਼ੁਰ ਕੋਲੋਂ ਮਿਲੀ ਬੁੱਧ ਦੀ ਬਜਾਇ ਸੰਸਾਰ (ਸੱਪ) ਵੱਲੋਂ ਆਈ ਬੁੱਧ ਦੀ ਚੋਣ ਕੀਤੀ। ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਅਦਨ ਦੇ ਬਾਗ ਵਿੱਚੋਂ ਕੱਢ ਦਿੱਤਾ ਗਿਆ (3:22-24)।

ਪੁਰਾਣੇ ਨੇਮ ਦੇ ਇਤਹਾਸ ਵਿੱਚ ਹੋਰ ਵੀ ਕਈ ਲੋਕਾਂ ਨੇ ਪ੍ਰੀਖਿਆਵਾਂ ਦਾ ਸਾਹਮਣਾ ਕੀਤਾ ਅਤੇ ਪਾਪ ਕਰ ਬੈਠੇ ਕਿਉਂਕਿ ਉਨ੍ਹਾਂ ਨੇ ਜੋ "ਵੇਖਿਆ" ਸੀ ਉਸ ਨੇ ਉਨ੍ਹਾਂ ਨੂੰ ਲੁਭਾ ਲਿਆ। "ਪਰਮੇਸ਼ੁਰ ਦੇ ਪੁੱਤਰਾਂ" ਨੇ "ਆਦਮੀ ਦੀਆਂ ਧੀਆਂ" ਨੂੰ ਵੇਖਿਆ ਅਤੇ ਜਿੰਨੀਆਂ ਚਾਹੀਆਂ ਓਨੀਆਂ ਵਿਆਹ ਲਈਆਂ। ਉਨ੍ਹਾਂ ਨੇ ਬੁਰਿਆਈ, ਹਿੰਸਾ ਅਤੇ ਸੰਸਾਰ ਦੇ ਵਿਨਾਸ ਦਾ ਰਾਹ ਤਿਆਰ ਕੀਤਾ (6:1-7, 11-13)। ਇਸੇ ਤਰ੍ਹਾਂ ਆਕਾਨ ਨੇ ਵੀ ਯਰੀਹੋ ਵਿੱਚ ਸੋਨੇ ਅਤੇ ਚਾਂਦੀ ਦੀਆਂ ਉਨ੍ਹਾਂ ਵਸਤਾਂ ਨੂੰ ਵੇਖਿਆ ਜਿਨ੍ਹਾਂ ਦੀ ਮਨਾਹੀ ਕੀਤੀ ਗਈ ਸੀ; ਉਸ ਨੇ ਆਪਣੀ ਪ੍ਰੀਖਿਆ ਅੱਗੇ ਹਾਰ ਮੰਨ ਲਈ ਅਤੇ ਚੋਰੀ ਕੀਤੀ, ਜਿਸ ਦੇ ਨਤੀਜੇ ਵਜੋਂ ਉਸ ਉੱਤੇ ਅਤੇ ਉਸ ਦੇ ਪਰਿਵਾਰ ਉੱਤੇ ਵਿਨਾਸ ਆਣ ਪਿਆ (ਯਹੋਸ਼ੁਆ 7:19-26)। ਜਦ ਰਾਜਾ ਦਾਊਦ ਨੇ ਆਪਣੇ ਮਹਿਲ ਦੀ ਛੱਤ ਤੋਂ ਹੇਠਾਂ ਨਿਗਾਹ ਮਾਰੀ ਤਾਂ ਉਸ ਨੇ ਇੱਕ ਸੁੰਦਰ ਇਸਤਰੀ ਨੂੰ ਨਹਾਉਂਦਿਆਂ ਵੇਖਿਆ (ਸ਼ਾਇਦ ਉਹ ਆਪਣੇ ਘਰ ਦੇ ਵਿਹੜੇ ਵਿੱਚ ਸੀ ਜਿਸ ਉੱਤੇ ਛੱਤ ਨਹੀਂ ਸੀ), ਤਾਂ ਉਸ ਦੇ ਅੰਦਰ ਉਸ ਨੂੰ ਹਾਸਿਲ ਕਰਨ ਦੀ ਲਾਲਸਾ ਜਾਗ ਪਈ। ਆਪਣੀ ਲਾਲਸਾ ਦੀ ਪੂਰਤੀ ਕਰਨ ਦੇ ਕਾਰਣ ਉਹ ਜ਼ਨਾਹ ਕਰ ਬੈਠਾ, ਫਿਰ ਉਸ ਦੇ ਪਤੀ ਦੀ ਹੱਤਿਆ ਕਰਵਾਈ, ਜਿਸ ਦੇ ਕਾਰਣ ਦਾਊਦ ਦੇ ਆਪਣੇ ਪਰਿਵਾਰ ਵਿੱਚ ਸੋਗ ਅਤੇ ਮੌਤ ਛਾ ਗਈ (2 ਸਮੂਏਲ 11:1–12:23)।

### ਝਗੜੇ ਦੀ ਸਮੱਸਿਆ (13:7, 8)

ਵੱਖਰੇ-ਵੱਖਰੇ ਸੰਬੰਧਾਂ ਵਿੱਚ ਝਗੜੇ ਦੇ ਵਿਨਾਸਕਾਰੀ ਸੁਭਾਉ ਦੇ ਕੁਝ ਉਦਾਹਰਣ ਹੇਠਾਂ ਦਿੱਤੇ ਗਏ ਹਨ ਜਿਨ੍ਹਾਂ ਨੂੰ ਪਵਿੱਤਰ ਸ਼ਾਸਤਰ ਵਿੱਚ ਵੇਖਿਆ ਜਾ ਸਕਦਾ ਹੈ:

*ਵਿਆਹੁਤਾ ਸੰਬੰਧ ਵਿੱਚ* – ਅਬਰਾਹਾਮ, ਸਾਰਾਹ ਅਤੇ ਹਾਜਰਾ (16:1-9; 21:8-12); ਯਾਕੂਬ, ਰਾਖੇਲ ਅਤੇ ਲੇਆਹ (29:21–30:24)।

*ਪਰਿਵਾਰਕ ਸੰਬੰਧਾਂ ਵਿੱਚ* – ਕਇਨ ਅਤੇ ਹਾਬਲ (4:1-15; 1 ਯੂਹੰਨਾ 3:10-14); ਯਾਕੂਬ ਅਤੇ ਏਸਾਓ (25:22-34; 27:1-45); ਯੂਸੁਫ਼ ਅਤੇ ਉਸ ਦੇ ਭਰਾ (37:2-28)।

*ਸਮਾਜ ਵਿੱਚ* – ਇਸਰਾਏਲੀ ਗੋਤਾਂ ਵਿਚਲੀ ਆਪਸੀ ਈਰਖਾ: ਇਫ਼ਰਾਈਮ ਦੇ ਲੋਕਾਂ ਵੱਲੋਂ ਮਨੱਸ਼ਹ ਦੇ ਗਿਦਾਊਨ ਵਿਰੁੱਧ ਸ਼ਿਕਾਇਤ (ਨਿਆਈਆਂ 6:11-15; 8:1-21)।

*ਸਰਕਾਰ ਵਿੱਚ* – ਅਬਸ਼ਾਲੋਮ ਵੱਲੋਂ ਆਪਣੇ ਪਿਤਾ ਦਾਊਦ ਤੋਂ ਰਾਜ ਹਥਿਆਉਣ ਦਾ ਜਤਨ (2 ਸਮੂਏਲ 15:1–18:33); ਪਰਮੇਸ਼ੁਰ ਦੇ ਲੋਕਾਂ ਵਿੱਚ ਇਸਰਾਏਲ ਦੇ ਉੱਤਰੀ ਰਾਜ ਅਤੇ ਯਹੂਦਾਹ ਦੇ ਦੱਖਣੀ ਰਾਜ ਵਿਚਲੀ ਦੁਖਦਾਈ ਵੰਡ (1 ਰਾਜਿਆਂ 12:1-33)।

*ਕਲੀਸਿਯਾ ਵਿੱਚ* – ਜਦ ਈਰਖਾਲੂ ਅਤੇ ਸੁਆਰਥੀ ਲੋਕਾਂ ਨੇ ਆਪਣੀ ਮਨ-ਮਰਜ਼ੀ ਪੂਰੀ ਕਰਨ ਦੀ ਮੰਗ ਕੀਤੀ, ਜਿਵੇਂ ਕਿ ਰੋਮ ਵਿੱਚ (ਰੋਮੀਆਂ 12:16-18; 13:13–15:7) ਅਤੇ ਕੁਰਿੰਥੁਸ ਵਿੱਚ (1 ਕੁਰਿੰਥੀਆਂ 3:1-5, 21-23; 4:1-21; 8:1-3; 13:1-13)।

### ਅਬਰਾਹਾਮ ਦਾ ਪਰਮੇਸ਼ੁਰ ਵਿੱਚ ਭਰੋਸਾ (13:14–18)

ਜਦ ਪਰਮੇਸ਼ੁਰ ਨੇ ਅਬਰਾਹਾਮ ਨੂੰ ਦੇਸ ਦੇਣ ਦੇ ਆਪਣੇ ਵਾਇਦੇ ਨੂੰ ਮੁੜ ਨਵਾਂ ਕੀਤਾ ਤਾਂ ਉਸ ਨੇ ਅਬਰਾਹਾਮ ਦੀ ਨਿਹਚਾ ਦਾ ਸਤਿਕਾਰ ਕੀਤਾ। 13:2-12 ਵਿਚਲਾ ਬਿਰਤਾਂਤ

ਦਰਸਾਉਂਦਾ ਹੈ ਕਿ ਅਬਰਾਹਾਮ ਲੂਤ ਨੂੰ ਆਪਣੇ ਪੁੱਤਰ ਵਾਂਗ ਪਿਆਰ ਕਰਦਾ ਸੀ। ਅਬਰਾਹਾਮ ਨੇ ਆਪਣੇ ਭਰਾ ਅਤੇ ਲੂਤ ਦੇ ਪਿਤਾ ਹਾਰਾਨ ਦੀ ਮੌਤ ਤੋਂ ਬਾਅਦ ਲੂਤ ਨੂੰ ਆਪਣੇ ਨਾਲ ਰੱਖ ਲਿਆ ਸੀ। ਅਬਰਾਹਾਮ ਲੂਤ ਨੂੰ ਆਪਣੇ ਨਾਲ ਕਨਾਨ ਦੀ ਯਾਤਰਾ ਵਿੱਚ ਵੀ ਲੈ ਕੇ ਗਿਆ, ਹਾਲਾਂਕਿ ਪਰਮੇਸ਼ੁਰ ਨੇ ਉਸ ਨੂੰ ਆਖਿਆ ਸੀ ਕਿ ਉਹ ਆਪਣੇ ਰਿਸ਼ਤੇਦਾਰਾਂ ਨੂੰ ਹਾਰਾਨ ਵਿੱਚ ਛੱਡ ਕੇ ਆਵੇ। ਇਹ ਵੀ ਸੰਭਵ ਹੈ ਕਿ ਉਸ ਨੇ ਆਪਣੇ ਭਤੀਜੇ ਨੂੰ ਆਪਣੀ ਦੌਲਤ ਵਿੱਚੋਂ ਹਿੱਸਾ ਵੀ ਦਿੱਤਾ ਹੋਵੇ ਅਤੇ ਨਾਲ ਹੀ ਉਸ ਨੇ ਵਾਇਦਾ ਕੀਤੇ ਹੋਏ ਦੇਸ ਵਿੱਚ ਪਹਿਲੀ ਚੋਣ ਕਰਨ ਦਾ ਮੌਕਾ ਵੀ ਲੂਤ ਨੂੰ ਦਿੱਤਾ ਜਿੱਥੇ ਉਸ ਨੇ ਅਤੇ ਉਸ ਦੇ ਲੋਕਾਂ ਨੇ ਵੱਸਣਾ ਸੀ। ਲੂਤ ਅਤੇ ਉਸ ਦੇ ਲੋਕਾਂ ਦੇ ਅਤੇ ਉਸ ਦੀ ਸੰਪਤੀ ਦੇ ਚਲੇ ਜਾਣ ਤੋਂ ਬਾਅਦ ਅਬਰਾਹਾਮ ਨੇ ਆਪਣੇ ਹਿਰਦੇ ਵਿੱਚ ਖਾਲੀਪਣ ਮਹਿਸੂਸ ਕੀਤਾ ਹੋਵੇਗਾ ਅਤੇ ਇਕਾਂਤ ਥਾਂ ’ਤੇ ਚਲਿਆ ਗਿਆ ਹੋਵੇਗਾ।

ਇਸ ਪੁਰਖੇ ਨੇ ਉਸ ਵੇਲੇ ਆਪਣੇ ਜੀਵਨ ਵਿੱਚ ਇੱਕ ਵੱਡੀ ਨਿਰਾਸਾ ਦਾ ਸਾਹਮਣਾ ਕੀਤਾ ਜਦੋਂ ਉਸ ਨੇ ਆਪਣੇ ਸੁਆਰਥ ਵਿੱਚ ਆਣ ਕੇ ਮਿਸਰ ਵਿੱਚ ਸਾਰਾਹ ਬਾਰੇ ਝੂਠ ਬੋਲਿਆ। ਹੁਣ ਉਸ ਨੇ ਵੱਡੀ ਦਿਲਦਾਰੀ ਦਿਖਾਉਂਦਿਆਂ ਲੂਤ ਨੂੰ ਯਰਦਨ ਘਾਟੀ ਦੇ ਉਪਜਾਊ ਇਲਾਕੇ ਦੀ ਚੋਣ ਕਰਨ ਦਾ ਮੌਕਾ ਦਿੱਤਾ; ਪਰ ਫਿਰ ਵੀ ਜਦ ਉਸ ਨੇ ਲੂਤ ਅਤੇ ਉਸ ਦੇ ਲੋਕਾਂ ਨੂੰ ਜਾਂਦਿਆਂ ਵੇਖਿਆ ਤਾਂ ਸ਼ਾਇਦ ਉਹ ਨਿਰਾਸਾ ਦੇ ਇੱਕ ਹੋਰ ਸਮੇਂ ਦਾ ਸਾਹਮਣਾ ਕਰ ਰਿਹਾ ਸੀ। ਕਿਉਂਕਿ ਇੱਕ ਅਜਿਹਾ ਵਿਅਕਤੀ ਉਸ ਦੇ ਕੋਲੋਂ ਜਾ ਰਿਹਾ ਸੀ ਜਿਹੜਾ ਉਸ ਦੇ ਪੁੱਤਰ ਵਰਗਾ ਸੀ ਅਤੇ ਨਾਲ ਹੀ ਦੇਸ ਦਾ ਉਹ ਹਿੱਸਾ ਵੀ ਉਸ ਦੇ ਹੱਥੋਂ ਜਾ ਰਿਹਾ ਸੀ, ਜਿਹੜਾ ਕਨਾਨ ਵਿੱਚ ਸਰਬਉੱਤਮ ਪਰਤੀਤ ਹੋ ਰਿਹਾ ਸੀ।

ਪਰਮੇਸ਼ੁਰ ਅਬਰਾਹਾਮ ਦੇ ਹਿਰਦੇ ਵਿਚਲੇ ਖਾਲੀਪਣ ਨੂੰ ਜਾਣਦਾ ਸੀ ਅਤੇ ਉਸ ਨੇ ਉਡੀਕ ਨਹੀਂ ਕੀਤੀ ਕਿ ਉਹ ਉਸ ਨੂੰ ਪੁਕਾਰੇ। ਇਸ ਘੜੀ ਯਹੋਵਾਹ ਨੇ ਉਸ ਨੂੰ ਭਾਲਿਆ ਅਤੇ ਆਖਿਆ, “ਆਪਣੀਆਂ ਅੱਖੀਆਂ ਹੁਣ ਚੁੱਕ।” ਜਿਸ ਤਰ੍ਹਾਂ ਨਾਲ ਲੂਤ ਨੇ “ਆਪਣੀਆਂ ਅੱਖੀਆਂ ਚੁੱਕੀਆਂ” ਸਨ, ਉਸ ਦੇ ਉਲਟ ਪ੍ਰਭੂ ਨੇ ਅਬਰਾਹਾਮ ਨੂੰ ਚੁਣੌਤੀ ਦਿੱਤੀ ਕਿ ਜੋ ਲੂਤ ਨੇ ਵੇਖਿਆ ਸੀ ਉਸ ਦੇ ਉਲਟ ਤੂੰ ਇਹ “ਵੇਖ” (13:10, 14)। ਇਸ ਬਿਰਤਾਂਤ ਵਿੱਚ ਲਿਖਿਆ ਹੈ ਕਿ ਲੂਤ ਨੇ ਯਰਦਨ ਦੀ ਸਾਰੀ ਉਪਜਾਊ ਘਾਟੀ ਨੂੰ “ਆਪਣੇ ਲਈ ਚੁਣਿਆ” (13:11); ਪਰ ਪਰਮੇਸ਼ੁਰ ਨੇ ਜ਼ੋਰ ਦਿੱਤਾ ਕਿ ਅਬਰਾਹਾਮ ਨੂੰ ਮਿਲਿਆ ਦੇਸ ਦਾ ਹਿੱਸਾ, ਉਸ ਵੱਲੋਂ ਉਸ ਨੂੰ ਦਿੱਤਾ ਗਿਆ ਇੱਕ ਤੋਹਫਾ ਸੀ। ਪ੍ਰਭੂ ਨੇ ਅਬਰਾਹਾਮ ਨੂੰ ਆਖਿਆ, “. . . ਏਹ ਸਾਰੀ ਧਰਤੀ ਜੋ ਤੂੰ ਵੇਖਦਾ ਹੈਂ ਤੈਨੂੰ ਅਰ ਤੇਰੀ ਅੰਸ ਨੂੰ ਸਦਾ ਲਈ ਮੈਂ ਦਿਆਂਗਾ” (13:15)।

ਜਦ ਅਬਰਾਹਾਮ ਨਿਹਚਾ ਦੇ ਇੱਕ ਹੋਰ ਸੰਕਟ ਵਿੱਚ ਸੰਘਰਸ਼ ਕਰਦਾ ਪਰਤੀਤ ਹੋ ਰਿਹਾ ਸੀ, ਤਦ ਪਰਮੇਸ਼ੁਰ ਨੇ ਉਸ ਨੂੰ ਤਸੱਲੀ ਦਿੱਤੀ। ਉਸ ਨੇ ਉਸ ਨੂੰ ਦੇਸ ਦੇਣ ਦੇ ਵਾਇਦੇ ਨੂੰ ਦੁਹਰਾਇਆ ਅਤੇ ਉਸ ਨੂੰ ਤਸੱਲੀ ਦਿੱਤੀ ਕਿ ਲੂਤ ਵੱਲੋਂ ਯਰਦਨ ਘਾਟੀ ਦੀ ਚੋਣ ਕਰ ਲਏ ਜਾਣ ਦਾ ਉਸ ਦੇਸ ਉੱਤੇ ਕੋਈ ਮਾੜਾ ਪ੍ਰਭਾਵ ਨਹੀਂ ਪਵੇਗਾ ਜਿਹੜਾ ਪਰਮੇਸ਼ੁਰ ਨੇ ਅਬਰਾਹਾਮ ਅਤੇ ਉਸ ਦੀ ਅੰਸ ਨੂੰ ਦੇਣ ਦਾ ਵਾਇਦਾ ਕੀਤਾ ਸੀ। ਪ੍ਰਭੂ ਨੇ ਅਬਰਾਹਾਮ ਨੂੰ ਇਹ ਦੱਸਣ ਦੀ ਲੋੜ ਨਹੀਂ ਸਮਝੀ ਕਿ ਇਤਹਾਸ ਵਿੱਚ ਅੱਗੇ ਚੱਲ ਕੇ ਲੂਤ ਦੀ ਅੰਸ – ਮੋਆਬੀ ਅਤੇ ਅੰਮੋਨੀ – ਅਸਲ ਕਨਾਨ ਦੇਸ ਵਿੱਚ ਨਹੀਂ ਵੱਸਣਗੇ। ਉਹ ਯਰਦਨ ਨਦੀ ਅਤੇ ਖਾਰੇ ਸਾਗਰ ਦੇ ਪੂਰਬ ਵਿੱਚ ਵੱਸਣਗੇ। ਇਸ ਵੇਲੇ ਪਰਮੇਸ਼ੁਰ ਚਾਹੁੰਦਾ ਸੀ ਕਿ ਅਬਰਾਹਾਮ ਇਹ ਭਰੋਸਾ ਰੱਖੇ ਕਿ ਉਸ ਨੂੰ ਮਿਲਿਆ ਦੇਸ ਦਾ ਵਾਇਦਾ ਅਜੇ ਵੀ ਕਾਇਮ ਸੀ ਅਤੇ ਇਸ ਹੁਕਮ ਨੂੰ ਲੈ ਕੇ ਅਗਾਂਹ ਵਧੇ ਕਿ ਉਸ ਨੇ ਉਨ੍ਹਾਂ ਸਭਨਾਂ ਲੋਕਾਂ ਦੇ ਲਈ ਅਸੀਸ ਹੋਣਾ ਹੈ ਜਿਹੜੇ ਉਸ ਦੇ ਰੋਜਾਨਾ ਦੇ ਜੀਵਨ ਵਿੱਚ ਉਸ ਨੂੰ ਮਿਲਣਗੇ। ਦੇਸ ਦਿੱਤੇ ਜਾਣ ਦੇ ਵਾਇਦੇ ਨੂੰ ਮੁੜ ਨਵਾਂ ਕੀਤੇ ਜਾਣ ਦੇ ਪ੍ਰਤੀਉੱਤਰ ਵਜੋਂ

ਅਬਰਾਹਾਮ ਨੇ ਸ਼ੁਕਰਗੁਜ਼ਾਰੀ ਕਰਦਿਆਂ ਇੱਕ ਹੋਰ ਜਗਵੇਦੀ ਬਣਾਈ ਅਤੇ ਆਪਣੇ ਪਰਮੇਸ਼ੁਰ ਦੀ ਅਰਾਧਨਾ ਕੀਤੀ (13:18)।

---

ਟਿੱਪਣੀਆਂ

[1]ਜੌਨ ਐੱਚ. ਵਾਲਟਨ, ਵਿਕਟਰ ਐੱਚ. ਮੈਥਿਉਸ ਅਤੇ ਮਾਰਕ ਡਬਲਿਉ. ਚਵੈਲਸ, *ਦਿ ਆਈ ਵੀ ਪੀ ਬਾਈਬਲ ਬੈਕਗ੍ਰਾਉਂਡ ਕਮੈਂਟ੍ਰੀ: ਓਲਡ ਟੈਸਟਾਮੈਂਟ* (ਡਾਉਨਰਜ਼ ਗ੍ਰੁਵ, ਇਲਿਨੋਏ: ਇੰਟਰਵਰਸਿਟੀ ਪ੍ਰੈਸ, 2000), 44–45. [2]ਅਜਿਹਾ ਸੁਝਾਉ ਦਿੱਤਾ ਗਿਆ ਹੈ ਕਿ "ਕਨਾਨੀ" ("ਵਪਾਰੀ") ਨਗਰਾਂ ਵਿੱਚ ਵੱਸਦੇ ਸਨ ਅਤੇ "ਪਰਿੱਜੀ" ("ਪੇਂਡੂ") ਪਿੰਡਾਂ ਵਿੱਚ ਵੱਸਦੇ ਸਨ। ਪਰ ਫਿਰ ਵੀ ਇਹ ਨਿਸ਼ਚਿਤ ਤੌਰ 'ਤੇ ਨਹੀਂ ਆਖਿਆ ਜਾ ਸਕਦਾ ਕਿ "ਪਰਿੱਜੀਆਂ" ਨੂੰ ਇਸੇ ਤਰ੍ਹਾਂ ਸਮਝਿਆ ਜਾਣਾ ਚਾਹੀਦਾ ਹੈ; ਇਹ ਸ਼ਬਦ ਮੁੱਢਲੇ ਤੌਰ 'ਤੇ ਇੱਕ ਜਾਤੀ ਸਮੂਹ ਵੱਲ ਇਸ਼ਾਰਾ ਕਰਦਾ ਹੈ। [3]ਗੋਰਡਨ ਜੇ. ਵੇਨਹੈਮ, *ਉਤਪਤ 1–15*, ਵਰਡ ਬਿਬਲਿਕਲ ਕਮੈਂਟ੍ਰੀ, ਜਿਲਦ 1 (ਵੇਕੋ, ਟੈਕਸਸ: ਵਰਡ ਬੁਕਸ, 1987), 297. [4]ਯੋਹਾਨਾਨ ਆਹਾਰੋਨੀ ਅਤੇ ਮਾਈਕਲ ਆਵੀ-ਯੋਨਾਹ, *ਦਿ ਮੈਕਮਿਲਨ ਬਾਈਬਲ ਐਟਲਸ*, ਤੀਜਾ ਸੰਸਕਰਨ (ਨਿਉ ਯੋਰਕ: ਮੈਕਮਿਲਨ ਪਬਲਿਸ਼ਿੰਗ ਕੰਪਨੀ, 1993), 19, 36 ਵਿੱਚ ਨਕਸ਼ਾ 12 ਅਤੇ 34 ਵੇਖੋ। [5]ਕਈ ਅਨੁਵਾਦ "ਸੋਆਰ ਨੂੰ ਜਾਂਦੇ ਹੋਏ" ਸ਼ਬਦਾਂ ਨੂੰ ਇਸ ਆਇਤ ਵਿੱਚ ਪਹਿਲਾਂ ਲਿਖਦੇ ਹਨ (NJPSV; NEB; REB; NAB; TEV; CEV)। NLT ਆਖਦਾ ਹੈ, "ਲੂਤ ਨੇ ਸੋਆਰ ਦੀ ਦਿਸ਼ਾ ਵੱਲ ਯਰਦਨ ਘਾਟੀ ਦੇ ਉਪਜਾਊ ਮੈਦਾਨੀ ਇਲਾਕੇ ਨੂੰ ਬੜੀ ਦੇਰ ਤੱਕ ਵੇਖਿਆ।" [6]ਮਾਰਟਿਨ ਜੇ. ਮੁਲਡਰ, "ਸੋਡੋਮ ਐਂਡ ਗੋਮੋਰਾਹ," *ਦਿ ਐਂਕਰ ਬਾਈਬਲ ਡਿਕਸ਼ਨਰੀ*, ਸੰਪਾਦਕ ਡੇਵਿਡ ਨੋਏਲ ਫ੍ਰੀਡਮਨ (ਨਿਉ ਯੋਰਕ: ਡਬਲਡੇ, 1992), 6:101–2 ਵਿਚਲੀ ਚਰਚਾ ਨੂੰ ਵੇਖੋ। [7]ਜਦਕਿ ਇੱਕ ਪਾਸੇ *ਓਲਾਮ* ਸ਼ਬਦ ਦਾ ਪਰਮੇਸ਼ੁਰ ਅਤੇ ਉਸ ਦੇ ਗੁਣਾਂ ਦੇ ਸੰਬੰਧ ਵਿੱਚ ਅਰਥ "ਸਦੀਪਕ" ਜਾਂ "ਸਦੀਪਕਤਾ" ਹੋ ਸਕਦਾ ਹੈ, ਤਾਂ ਵੀ ਦੂਜੇ ਪਾਸੇ ਇਸ ਸ਼ਬਦ ਦੀ ਵਰਤੋਂ ਅਜਿਹੇ ਸੰਦਰਭਾਂ ਵਿੱਚ ਵੀ ਹੋਈ ਹੈ ਜਿੱਥੇ ਇਸ ਦਾ ਅਰਥ "ਸਦਾਕਾਲ" ਨਹੀਂ ਹੋ ਸਕਦਾ। ਵੇਖੋ *ਪ੍ਰਾਸੰਗਿਕਤਾ: "ਅਨੰਤ ਨੇਮ,"* ਪੇਜ 83-89. [8]ਇਸ ਰਸਮ ਅਤੇ ਇਸ ਦੇ ਸਰੋਤ ਬਾਰੇ ਹੋਈ ਚਰਚਾ ਲਈ, ਵੇਖੋ ਬ੍ਰੂਸ ਕੇ. ਵਾਲਟਕੇ, *ਉਤਪਤ: ਏ ਕਮੈਂਟ੍ਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡਰਵਨ ਪਬਲਿਸ਼ਰਸ, 2001), 222–23. [9]ਹਬਰੋਨ ਆਪ ਵੀ ਯਰੂਸ਼ਲਮ ਦੇ ਦੱਖਣ-ਪੱਛਮ ਵੱਲ ਵੀਹ ਕੁ ਮੀਲ ਦੱਖਣ ਵਿੱਚ ਸੀ।